# ਪਰਮੇਸ਼ਰ ਦੀ ਅਸਲ ਯੋਜਨਾ

ਮੱਤੀ 22:37-39

ਕੇਟੀ ਬੈੱਸ ਦੇ ਨੋਟਸ

I. ਪਰਮੇਸ਼ਰ ਦੇ ਨਾਲ ਸਹੀ ਸੰਬੰਧ

II. ਆਪਣੇ ਆਪ ਦੇ ਨਾਲ ਸਹੀ ਸੰਬੰਧ

III. ਦੂਜਿਆਂ ਦੇ ਨਾਲ ਸਹੀ ਸੰਬੰਧ

1. ਪਤੀ
2. ਬੱਚੇ
3. ਮਾਪੇ ਅਤੇ ਸਹੁਰੇ
4. ਮਿੱਤਰ ਅਤੇ ਹੋਰ ਲੋਕ

IV. ਘਰ ਵਿੱਚ ਸਹੀ ਤਰਤੀਬ

1. ਪੈਸਾ
2. ਸਮੇਂ ਦਾ ਪ੍ਰਬੰਧ
3. ਘਰ ਵਿੱਚ ਸਹੀ ਵਿਵਸਥਾ
4. ਪ੍ਰਾਥਮਿਕਤਾਵਾਂ
5. ਵਿਹਾਰ ਅਤੇ ਮਾਹੌਲ
6. ਸੈਕਸ
7. ਸਿਹਤ/ਪੋਸ਼ਣ

# I. ਪਰਮੇਸ਼ਰ ਦੇ ਨਾਲ ਸਹੀ ਸੰਬੰਧ

A. ਅਰੰਭ ਵਿੱਚ ਪਰਮੇਸ਼ਰ ਦਾ ਉਦੇਸ਼

B. ਕੀ ਹੋਇਆ?

C. ਪਰਮੇਸ਼ਰ ਮੁੜ ਬਹਾਲ ਕਰਦਾ ਹੈ

ਮੱਤੀ 22:37-39

1st ਪਰਮੇਸ਼ਰ ਨੂੰ ਪ੍ਰੇਮ ਕਰੋ

2nd ਆਪਣੇ ਆਪ ਨੂੰ ਪ੍ਰੇਮ ਕਰੋ

3rd ਗੁਆਂਢੀ ਨੂੰ ਪ੍ਰੇਮ ਕਰੋ

A. ਅਰੰਭ ਵਿੱਚ ਪਰਮੇਸ਼ਰ ਦਾ ਉਦੇਸ਼

1. ਮਨੁੱਖ ਨਾਲ ਸੰਗਤੀ ਕਰਨਾ, ਪਰਮੇਸ਼ਰ ਇੱਕ ਪਰਿਵਾਰ ਚਾਹੁੰਦਾ ਸੀ। । ਯੂਹੰਨਾ 1:3 ਉਤਪਤ :2:19, 3:8

2. ਮਨੁੱਖ ਦੇ ਨਾਲ ਰੋਜਾਨਾ ਸੰਬੰਧ ਰੱਖਣ ਲਈ
   ਪਰਮੇਸ਼ਰ ਦੇ ਨਾਲ ਚੱਲਣਾ, ਉਸ ਦੇ ਨਾਲ ਗੱਲਬਾਤ ਕਰਨਾ, ਉਸ ਨੂੰ ਜਾਣਨਾ, ਉਸ ਦੇ ਨਾਲ ਪੂਰਾ ਖੁਲ੍ਹਾਪਣ, ਉਸ ਦੇ ਨਾਲ ਸਦੀਪਕਤਾ ਵਿੱਚ ਰਹਿਣਾ। ਉਤਪਤ 5:22,24 ਹਨੋਕ; 6:9 ਨੂਹ ਕੂਚ 33:9 ਮੂਸਾ।

3. ਆਦਮੀ ਨੂੰ ਇਕੱਲੇ ਨਹੀਂ ਰਹਿਣਾ ਸੀ; ਇਸਤਰੀ ਨੂੰ ਆਪਣੇ ਪਤੀ ਦੇ ਨਾਲ ਇੱਕ ਸਿੱਧ ਸਾਥੀ ਬਣਨਾ ਸੀ।
   - ਇੱਕ ਹੋਣਾ ਸੀ: ਆਤਮਾ, ਜਾਨ ਅਤੇ ਸਰੀਰ ਵਿੱਚ
   - ਇੱਕ ਦੂਜੇ ਦੇ ਨਾਲ ਪੂਰਾ ਖੁਲ੍ਹਾਪਣ, ਨੰਗੇ, ਲੁਕਾਉਣ ਲਈ ਕੁਝ ਵੀ ਨਹੀਂ।
   - ਹੱਵਾਹ ਆਦਮ ਨੂੰ ਸੰਪੂਰਨ ਕਰਦੀ ਸੀ। ਉਤਪਤ 2:18-25
   - ਪਰਮੇਸ਼ਰ ਸਾਡੇ ਨਾਲ ਉੱਥੇ ਵਿਹਾਰ ਕਰਦਾ ਹੈ ਜਿੱਥੇ ਅਸੀਂ ਅੱਜ ਹਾਂ ਅਤੇ ਜਿੱਥੇ ਸਾਡਾ ਵਿਆਹੁਤਾ ਜੀਵਨ ਅੱਜ ਹੈ।

4. ਮਨੁੱਖ ਨੂੰ ਜੀਵਨ ਦਾ ਅਨੰਦ ਮਾਣਨਾ ਸੀ, ਆਪਣੇ ਚੁਫੇਰੇ ਦੀ ਅਤੇ ਇੱਕ ਦੂਜੇ ਦੀ ਦੇਖਭਾਲ ਕਰਨੀ ਸੀ। ਉਤਪਤ 2:18-25, 1:28-31

5. ਸਾਨੂੰ ਇਹ ਜਾਣਨਾ ਸੀ ਕਿ ਅਸੀਂ ਪਰਮੇਸ਼ਰ ਦੀ ਸਰਿਸ਼ਟ ਵਜੋਂ ਕੀ ਸਾਂ ਅਤੇ ਉਹ ਵਿਅਕਤੀ ਬਣਨ ਦੇ ਦੁਆਰਾ ਸੰਤੁਸ਼ਟੀ ਪ੍ਰਾਪਤ ਕਰਨਾ ਸੀ। ਉਤਪਤ 1:26-28

ਪਰਮੇਸ਼ਰ ਦਾ ਮਨੁੱਖ ਦੇ ਲਈ ਪਹਿਲਾ ਪ੍ਰਸ਼ਨ ਇਹ ਸੀ "ਤੂੰ ਕਿੱਥੇ ਹੈਂ"? ਉਤਪਤ 3:9 ਪਰਮੇਸ਼ਰ ਦਾ ਦੂਜਾ ਪ੍ਰਸ਼ਨ ਇਹ ਸੀ "ਤੇਰਾ ਭਰਾ ਕਿੱਥੇ ਹੈ"? ਉਤਪਤ 4:9

**B.** ਆਦਮੀ ਅਤੇ ਇਸਤਰੀ ਦੇ ਲਈ ਪਮਰੇਸ਼ਰ ਦੇ ਅਸਲ ਉਦੇਸ਼ ਨਾਲ ਕੀ ਹੋਇਆ? ਹੁਕਮ ਉਤਪਤ 2:17 ਨਤੀਜਾ ਉਤਪਤ 3:9,16,17

ਉਨ੍ਹਾਂ ਦੇ ਸਾਹਮਣੇ ਪ੍ਰੀਖਿਆ ਆਈ ਅਤੇ ਉਹ ਪਾਪ ਵਿੱਚ ਡਿੱਗ ਪਏ।
ਮਨੁੱਖ ਨੇ ਪਰਮੇਸ਼ਰ ਦੇ ਵਿਰੁੱਧ ਵਿਦ੍ਰੋਹ ਕੀਤਾ। ਉਤਪਤ 2:17, 3:9,16,17

| | |
|---|---|
| • ਹੱਵਾਹ ਪਰਖੀ ਗਈ | ਉਤਪਤ 3:1-5 |
| • ਹੱਵਾਹ ਨੇ ਅਣਆਗਿਆਕਾਰੀ ਕੀਤੀ | ਉਤਪਤ 3:6 |
| • ਨਤੀਜਾ | ਉਤਪਤ 3:7-24 ਹੱਵਾਹ ਦੇ ਪ੍ਰਭਾਵ ਦੀ ਸ਼ਕਤੀ |
| • ਪਰਮੇਸ਼ਰ ਤੋਂ ਜੁਦਾਈ | ਸਰੀਰਕ ਮੌਤ |

ਪਰਮੇਸ਼ਰ ਨੇ ਆਦਮ ਨੂੰ ਬਾਗ ਉੱਤੇ ਰਾਜ ਕਰਨ ਦਾ ਇਖਤਿਆਰ ਦਿੱਤਾ ਅਤੇ ਭਲੇ ਅਤੇ ਬੁਰੇ ਦੇ ਗਿਆਨ ਦੇ ਬਿਰਛ ਦਾ ਫਲ ਨਾ ਖਾਣ ਦਾ ਹੁਕਮ ਦਿੱਤਾ। ਹੱਵਾਹ ਦੇ ਕੋਲ ਆਪਣੇ ਪਤੀ ਉੱਤੇ ਭਲੇ ਜਾਂ ਬੁਰੇ ਦਾ ਪ੍ਰਭਾਵ ਪਾਉਣ ਦੀ ਸ਼ਕਤੀ ਸੀ।

ਪਾਪ ਉਸ ਵੇਲੇ ਬਾਗ ਵਿੱਚ ਨਹੀਂ ਆਇਆ ਜਦ ਹੱਵਾਹ ਨੇ ਫਲ ਖਾਧਾ, ਪਰ ਉਦੋਂ ਆਇਆ ਜਦ ਆਦਮ ਨੇ ਜਾਣਦਿਆਂ ਹੋਇਆਂ ਵੀ ਫਲ ਨੂੰ ਖਾਧਾ। ਹੱਵਾਹ ਭਰਮਾਈ ਗਈ। ਆਦਮ ਭਰਮਾਇਆ ਨਹੀਂ ਗਿਆ, ਪਰ ਉਹ ਪਰਮੇਸ਼ਰ ਵੱਲੋਂ ਦਿੱਤੀ ਗਈ ਇਸਤਰੀ ਨੂੰ ਐਨਾ ਪ੍ਰੇਮ ਕਰਦਾ ਸੀ ਕਿ ਉਸ ਦੇ ਨਾਲ ਮਰਨ ਲਈ ਤਿਆਰ ਹੋ ਗਿਆ।

ਉਦਾਹਰਨ: ਯਿਸੂ ਨੇ ਸਾਨੂੰ ਐਨਾ ਪ੍ਰੇਮ ਕੀਤਾ ਕਿ ਸਾਡੀ ਥਾਂ ਆਪ ਮਰ ਗਿਆ।

ਪਾਪ ਦੇ ਨਤੀਜੇ:

1. ਮਨੁੱਖ ਪਰਮੇਸ਼ਰ ਤੋਂ ਦੂਰ ਹੋ ਗਿਆ, ਪਰਮੇਸ਼ਰ ਤੋਂ ਜੁਦਾ ਹੋ ਗਿਆ।

- ਉਹ ਪਰਮੇਸ਼ਰ ਤੋਂ ਲੁਕ ਗਿਆ, ਉਤਪਤ 3:8,9; ਪਰਮੇਸ਼ਰ ਤੋਂ ਡਰਨ ਲੱਗਾ 3:10
- ਪਰਮੇਸ਼ਰ ਦੀ ਹੋਂਦ ਤੋਂ ਇਨਕਾਰ ਕਰਨ ਲੱਗਾ, ਰੋਮੀਆਂ 1:20-22
- ਪਰਮੇਸ਼ਰ ਦੇ ਨਾਲ ਉਸ ਦਾ ਕੋਈ ਨਿੱਜੀ ਸੰਬੰਧ ਨਹੀਂ ਰਿਹਾ
- ਉਤਪਤ 4:14-16 ਰੋਮੀਆਂ 6:23

2. ਮਨੁੱਖ ਦੇ ਵਿਆਹੁਤਾ ਜੀਵਨ ਵਿੱਚ ਇਸਤਰੀ ਦੇ ਨਾਲ ਝਗੜਾ ਹੋਣ ਲੱਗਾ। I ਤਿਮੋਥਿਉਸ 2:14

    - ਹੁਣ ਉਹ ਉਸ ਦੀ ਪੂਰਕ ਨਹੀਂ ਰਹੀ, ਹੁਣ ਉਹ ਉਸ ਦੇ ਨਾਲ ਮੁਕਾਬਲਾ ਕਰਨ ਲੱਗੀ, ਹੁਣ ਉਹ "ਇੱਕ" ਨਹੀਂ ਰਹੇ ਸਗੋਂ ਵੰਡੇ ਗਏ, ਤਰਤੀਬ ਵਿੱਚੋਂ ਬਾਹਰ ਆ ਗਏ, ਆਤਮ ਕੇਂਦਰਿਤ ਹੋ ਗਏ।

3. ਮਨੁੱਖ ਆਪਣੇ ਭਰਾ ਦੀ ਹੱਤਿਆ ਕਰ ਦਿੰਦਾ ਹੈ, ਈਰਖਾ ਕਰਦਾ ਹੈ, ਸੜਦਾ ਹੈ, ਲਾਲਚ ਕਰਦਾ ਹੈ ਅਤੇ ਆਪਣੇ ਭਰਾ ਨਾਲ ਨਫਰਤ ਕਰਦਾ ਹੈ। ਆਤਮ ਕੇਂਦਰਿਤ ਉਤਪਤ 4 ਕਇਨ ਅਤੇ ਹਾਬਲ

4. ਮਨੁੱਖ ਦਾ ਕੰਮ, ਜੀਵਨ ਤਣਾਅ ਨਾਲ ਭਰ ਗਿਆ ਹੈ, ਖਾਲੀ ਹੈ, ਦਿਖਾਵੇ ਵਾਲਾ ਹੈ, ਅਸੰਤੁਸ਼ਟ ਹੈ, ਉਸ ਦਾ ਮਾਹੌਲ ਵਿਗੜ ਰਿਹਾ ਹੈ।

5. ਮਨੁੱਖ ਆਪਣੇ ਸਿਰਜਣਹਾਰ ਦਾ ਇਨਕਾਰ ਕਰਦਾ ਹੈ, ਜਿਸ ਨੇ ਉਸ ਨੂੰ ਬਣਾਇਆ ਸੀ ਅਤੇ ਉਹ ਵਿਅਕਤੀ ਬਣਨ ਨੂੰ ਰੱਦ ਦਿੰਦਾ ਹੈ ਜੋ ਪਰਮੇਸ਼ਰ ਨੇ ਉਸ ਨੂੰ ਬਣਾਇਆ ਸੀ ਅਤੇ ਉਹ ਬਣਨ ਦੀ ਜੱਦੋਜਹਿਦ ਕਰਦਾ ਹੈ ਜੋ ਉਹ ਹੈ ਹੀ ਨਹੀਂ। ਰੋਮੀਆਂ 1:21, 25

## C. ਪਰਮੇਸ਼ਰ ਮਨੁੱਖਜਾਤੀ ਦੇ ਲਈ ਆਪਣੇ ਅਸਲ ਉਦੇਸ਼ ਨੂੰ ਮੁੜ ਬਹਾਲ ਕਰਦਾ ਹੈ

1. ਪਰਮੇਸ਼ਰ ਸਾਡੇ ਨਾਲ ਸੰਗਤੀ ਦੀ ਇੱਛਾ ਰੱਖਦਾ ਹੈ, ਹੁਣ ਅਸੀਂ ਉਸ ਦੇ ਪਰਿਵਾਰ ਦਾ ਹਿੱਸਾ ਬਣ ਸਕਦੇ ਹਾਂ, ਕਿਉਂਕਿ ਯਿਸੂ ਨੇ ਪਾਪ ਦਾ ਜੁਰਮਾਨਾ ਭਰ ਦਿੱਤਾ ਹੈ। ਪਰਕਾਸ਼ 3:20, ਯੂਹੰਨਾ 1:12, 2 ਕੁਰਿੰਥੀਆਂ 5:18-21; ਫ਼ਿਲਿੱਪੀਆਂ 2:6-11

2. ਸਾਨੂੰ ਪਰਮੇਸ਼ਰ ਦੇ ਨਾਲ ਸਦੀਪਕ ਜੀਵਨ ਮਿਲ ਸਕਦਾ ਹੈ, ਅਸੀਂ ਪਰਮੇਸ਼ਰ ਨੂੰ ਨਿੱਜੀ ਤੌਰ ਤੇ ਜਾਣ ਸਕਦੇ ਹਾਂ, ਅਸੀਂ ਰੋਜਾਨਾ ਉਸ ਦੇ ਨਾਲ ਚੱਲ ਸਕਦੇ ਹਾਂ। ਯੂਹੰਨਾ 11:25,26; 3:17-18; 6:35; 14:6 ਇਬਰਾਨੀਆਂ 11:6, I ਯੂਹੰਨਾ 5:11-13 I ਤਿਮੋਥਿਉਸ 2:5, ਇੱਕ ਪਰਮੇਸ਼ਰ, ਇੱਕ ਵਿਚੋਲਾ – ਯਿਸੂ।

3. ਵਿਆਹੁਤਾ ਸੰਬੰਧ ਨੂੰ ਸਹੀ ਤਰਤੀਬ ਦੇ ਨਾਲ ਮੁੜ ਬਹਾਲ ਕੀਤਾ ਜਾ ਸਕਦਾ ਹੈ। ਅਫ਼ਸੀਆਂ 5:22-31 ਅਸੀਂ ਆਤਮਾ, ਜਾਨ ਅਤੇ ਸਰੀਰ ਵਿੱਚ ਇੱਕ ਹੋ ਸਕਦੇ ਹਾਂ।

4. ਯਿਸੂ ਇਸ ਲਈ ਆਇਆ ਤਾਂ ਜੋ ਸਾਨੂੰ ਜੀਵਨ ਮਿਲੇ। ਯੂਹੰਨਾ 10:10 ਸਾਡਾ ਕੰਮ, ਸਾਡਾ ਜੀਵਨ ਅਨੰਦਮਈ ਅਤੇ ਸੰਤੁਸ਼ਟੀ ਭਰਿਆ ਹੋ ਸਕਦਾ ਹੈ। ਦੂਜਿਆਂ ਦੇ ਨਾਲ ਸਾਡਾ ਸੰਬੰਧ ਉਹੋ ਜਿਹਾ ਹੋ ਸਕਦਾ ਹੈ ਜਿਹੋ ਜਿਹਾ ਪਰਮੇਸ਼ਰ ਨੇ ਅਰੰਭ ਵਿੱਚ ਬਣਾਇਆ ਸੀ। ਕੁਲੁੱਸੀਆਂ 3:17-23

5. **ਅਸੀਂ** ਉਹ **ਸਭ** ਹੋ ਸਕਦੇ ਹਾਂ ਜੋ **ਪਰਮੇਸ਼ਰ** ਨੇ ਸਾਨੂੰ ਬਣਾਉਣ ਦੀ ਯੋਜਨਾ ਬਣਾਈ ਸੀ, ਕਿਉਂਕਿ ਅਸੀਂ ਉਸ ਦੇ ਸਰੂਪ ਵਿੱਚ ਸਿਰਜੇ ਗਏ ਸਾਂ, ਅਸੀਂ ਉਸ ਦੇ ਹੱਥਾਂ ਦੀ ਕਾਰੀਗਰੀ ਹਾਂ। ਅਫ਼ਸੀਆਂ 2:10 **ਅਸੀਂ** ਉਹ ਹੋਣ ਦੇ ਦੁਆਰਾ ਜੋ **ਉਸ** ਨੇ ਸਾਨੂੰ ਬਣਾਇਆ ਸੀ, ਭਰਪੂਰ ਹੋ ਸਕਦੇ ਹਾਂ।
   ਰੋਮੀਆਂ 12:2; 2 ਕੁਰਿੰਥੀਆਂ 5:15, 18, 20

"ਪਰਮੇਸ਼ਰ ਦਾ ਰਾਜ ਧਾਰਮਿਕਤਾ, ਸ਼ਾਂਤੀ ਅਤੇ ਅਨੰਦ ਹੈ"

## ਪ੍ਰਮੁੱਖ ਯੋਜਨਾਕਾਰ

I. **ਸਹੀ** ਤਾਣਾ-ਬਾਣਾ ਪੂਰਾ ਹੋਇਆ

ਸਹੀ ਸਮੱਗਰੀ ਦੀ ਚੋਣ ਕਰਨ ਨਾਲ ਨਿਰਧਾਰਿਤ ਹੁੰਦਾ ਹੈ ਕਿ ਸੰਪੂਰਨ ਉਤਪਾਦ ਕਿਹੋ ਜਿਹਾ "ਦਿਖੇਗਾ", ਕਿਹੋ ਜਿਹਾ "ਮਹਿਸੂਸ" ਹੋਵੇਗਾ ਅਤੇ ਕਿਹੋ ਜਿਹਾ "ਫਿਟ" ਬੈਠੇਗਾ।

ਜ਼ਬੂਰ 139

ਅਫ਼ਸੀਆਂ 1:4,5,6, 11

2:10

II ਤਿਮੋਥਿਉਸ 1:9

II. ਨਿਰਦੇਸ਼ ਸੂਚੀ ਦੇ ਨਾਲ ਇੱਕ ਪੱਧਤੀ ਅਰਥਾਤ ਬਾਈਬਲ

III. ਲੋੜੀਂਦੇ ਔਜਾਰ – ਪਰਮੇਸ਼ਰ ਵੱਲੋਂ ਦਿੱਤੇ ਗਏ

ਯੋਗਤਾਵਾਂ, ਆਤਮਕ ਦਾਤਾਂ, ਪ੍ਰਤਿਭਾਵਾਂ, ਸੁਭਾਓ, ਸੁਭਾਵਕ ਦਾਤਾਂ

IV. ਪਰਮੇਸ਼ਰ ਇਹ ਸਭ ਦਿੰਦਾ ਹੈ ਅਤੇ ਆਖਦਾ ਹੈ ਕਿ ਹੁਣ ਉਹ **ਬਣੋ** ਜੋ ਮੈਂ ਤੁਹਾਨੂੰ ਬਣਨ ਲਈ ਤਿਆਰ ਕੀਤਾ ਹੈ।

V. ਪਰਮੇਸ਼ਰ ਸਾਨੂੰ ਚੋਣ ਦੀ "ਅਜਾਦੀ" ਦਿੰਦਾ ਹੈ ਕਿ **ਜੋ** ਸਾਨੂੰ ਦਿੱਤਾ ਗਿਆ ਹੈ ਉਸ ਦੇ ਨਾਲ ਅਸੀਂ **ਕੀ** ਕਰੀਏ। ਰੋਮੀਆਂ 6:16, ਯੂਹੰਨਾ 10:10

**ਸਾਡੀ ਖੁਸ਼ੀ ਦੀ "ਕੁੰਜੀ" ਸਾਡੇ ਆਪਣੇ ਹੱਥ ਹੈ** ਅਤੇ ਇਸ ਨੂੰ ਅਸੀਂ ਆਪਣੀ ਚੋਣ ਦੀ ਅਜਾਦੀ ਦੇ ਨਾਲ ਕਰਦੇ ਹਾਂ।

ਹਿਪੋਕਰੇਟੇਸ – ਦਵਾਈ ਦਾ ਪਿਤਾ:

ਉਸ ਨੇ ਸਿਧਾਂਤ ਕੱਢਿਆ ਕਿ ਹਰੇਕ ਵਿਅਕਤੀ ਦੇ ਸਰੀਰ ਵਿੱਚ ਚਾਰ ਬੁਨਿਆਦੀ ਤਰਲ ਪਦਾਰਥ ਹੁੰਦੇ ਹਨ। ਇਹ ਨਿਰਧਾਰਿਤ ਕਰਦੇ ਹਨ ਕਿ ਕੋਈ ਵਿਅਕਤੀ ਕਿਵੇਂ ਦਾ **ਵਿਹਾਰ** ਕਰੇਗਾ, ਉਸ ਦੀ **ਸ਼ਖਸੀਅਤ** ਕਿਹੋ ਜਿਹੀ ਹੋਵੇਗੀ।

1. ਲਹੂ – (ਗਰਮ), **ਆਸ਼ਾਵਾਦੀ** – ਗੂੜ੍ਹਾ ਰੰਗ ਅਤੇ ਖੁਸ਼ਮਿਜਾਜ਼
2. ਕਾਲਾ ਪਿੱਤਾ – (ਨਮ) **ਉਦਾਸੀ** – ਦਿਲਗੀਰ, ਗਮਗੀਨ
3. ਪੀਲਾ ਪਿੱਤਾ (ਸੁੱਕਾ) **ਕਲੋਰਿਕ** – ਅਸਾਨੀ ਨਾਲ ਗੁੱਸੇ ਹੋ ਜਾਣ ਵਾਲਾ
4. ਨਿਸ਼ਕਿਰਿਆ (ਠੰਡਾ ਜਾਂ ਮੋਟਾ) **ਨਿਸਤੇਜ** – ਸੁਸਤ, ਆਲਸੀ

**ਕਹਾਉਤਾਂ:**

30:11 *"ਅਜੇਹੇ ਲੋਕ ਵੀ ਹਨ ਜਿਹੜੇ ਆਪਣੇ ਪਿਉ ਨੂੰ ਫਿਟਕਾਰਦੇ, ਅਤੇ ਆਪਣੀ ਮਾਂ ਨੂੰ ਮੁਬਾਰਕ ਨਹੀਂ ਕਹਿੰਦੇ।"*

**ਉਦਾਸੀ** – ਨਾਸ਼ੁਕਰੇ, ਆਲੋਚਕ, ਗਲਤੀਆਂ ਲੱਭਣ ਵਾਲੇ।

30:12 *"ਅਜੇਹੇ ਲੋਕ ਵੀ ਹਨ ਜਿਹੜੇ ਆਪਣੀ ਨਿਗਾਹ ਵਿੱਚ ਤਾਂ ਸੁੱਧ ਹਨ, ਪਰ ਉਨ੍ਹਾਂ ਦੀ ਪਲੀਤੀ ਧੋਤੀ ਨਹੀਂ ਗਈ।"*

**ਨਿਸਤੇਜ** – ਆਤਮ-ਸੰਤੁਸ਼ਟ, ਆਪਣੇ ਆਪ ਦੇ ਪਾਪ ਨੂੰ ਨਹੀਂ ਵੇਖ ਸਕਦੇ, ਆਤਮ-ਧਰਮੀ, ਚੰਗੇ ਵਿਅਕਤੀ।

30:13 *"ਅਜੇਹੇ ਲੋਕ ਵੀ ਹਨ ਜੋ ਓਹੋ! ਓਹਨਾਂ ਦੀ ਦ੍ਰਿਸ਼ਟ ਕਿਹੀ ਘੁਮੰਡ ਭਰੀ ਹੈ, ਅਤੇ ਓਹਨਾਂ ਦੀਆਂ ਪਲਕਾਂ ਕੇਹੀਆਂ ਉਤਾਹਾਂ ਨੂੰ ਉੱਠੀਆਂ ਰਹਿੰਦੀਆਂ ਹਨ!"*

**ਆਸ਼ਾਵਾਦੀ** – ਆਪਣੇ ਆਪ ਨੂੰ ਉੱਚਾ ਕਰਨ ਵਾਲੇ, ਹੰਕਾਰੀ

30:14 *"ਅਜੇਹੇ ਲੋਕ ਵੀ ਹਨ ਜਿਨ੍ਹਾਂ ਦੇ ਦੰਦ ਤਲਵਾਰਾਂ ਅਤੇ ਦਾੜ੍ਹਾਂ ਛੁਰੀਆਂ ਹਨ, ਭਈ ਓਹ ਮਸਕੀਨਾਂ ਨੂੰ ਧਰਤੀ ਉੱਤੋਂ ਅਤੇ ਕੰਗਾਲਾਂ ਨੂੰ ਆਦਮੀਆਂ ਵਿੱਚੋਂ ਖਾ ਜਾਣ।"*

**ਕਲੋਰਿਕ** – ਚਾਤਰ, ਮਿਹਣੇ ਮਾਰਨ ਵਾਲੀ ਜੁਬਾਨ

## ਅਧੀਨਤਾ

ਉਹ ਢਾਂਚਾ ਜਿਹੜਾ ਵਿਆਹ ਨੂੰ ਸੰਭਾਲਦਾ ਹੈ

ਅਧੀਨਤਾ: ਹਿਰਦੇ ਦਾ ਇੱਕ ਵਿਹਾਰ ਹੈ ਜਿਸ ਵਿੱਚ ਅਸੀਂ ਦੂਜੇ ਦੀਆਂ **ਲੋੜਾਂ, ਇੱਛਾਵਾਂ, ਅਧਿਕਾਰਾਂ ਅਤੇ ਇੱਜ਼ਤ** ਨੂੰ ਆਪਣੀਆਂ ਨਾਲੋਂ ਪਹਿਲ ਦੇਣ ਲਈ ਤਿਆਰ ਰਹਿੰਦੇ ਹਾਂ, ਤਾਂ ਜੋ ਮਸੀਹ ਦਾ ਆਦਰ ਹੋ ਸਕੇ।

**ਫ਼ਿਲਿੱਪੀਆਂ 2:1-8**
**ਰੋਮੀਆਂ 12:3,10,17**
**ਤੀਤੁਸ 3:1,2**
**ਕੁਲੁੱਸੀਆਂ 3:17,18**

ਅਧੀਨਤਾ ਇੱਕ **ਚੋਣ ਹੈ** ਜੋ ਅਸੀਂ ਕਰਨੀ ਹੈ।
ਇੱਕ ਦਿੱਤੀ ਗਈ ਥਾਂ ਜਿਵੇਂ ਕਿ ਫੌਜ ਵਿੱਚ, ਅਰਥਾਤ । ਕੁਰਿੰਥੀਆਂ :11:3

ਅਧੀਨਤਾ ਦੇ ਨਤੀਜੇ:

ਨਿੱਜੀ ਵਾਧਾ ਅਤੇ ਭਰਪੂਰੀ
a. ਮਸੀਹ ਵਿੱਚ ਵਾਧਾ ਯੂਹੰਨਾ 14:21

| | |
|---|---|
| b. ਅਨੰਦ | ਜ਼ਬੂਰ 16:11, ਅਫ਼ਸੀਆਂ 5:18-21 |
| c. ਸ਼ਾਂਤੀ | ਗਲਾਤੀਆਂ 5:22, ਫ਼ਿਲਿੱਪੀਆਂ 4:6,7 |
| d. ਸੁੰਦਰਤਾ | I ਪਤਰਸ 3:3,4 |
| e. ਬਲ | ਫ਼ਿਲਿੱਪੀਆਂ 4:13 |
| f. ਪਰਮੇਸ਼ਰ ਦੀ ਸੁਰੱਖਿਆ | ਜ਼ਬੂਰ 91:1, I ਕੁਰਿੰਥੀਆਂ 10:13 |
| g. ਅਜਾਦੀ | II ਕੁਰਿੰਥੀਆਂ 3:7 |
| h. ਪ੍ਰੇਮ | ਗਲਾਤੀਆਂ 5:22 |
| i. ਸੁਰੱਖਿਆ | ਕਹਾਉਤਾਂ 10:8 |

**ਸਹਾਇਕ**:

ਜੋ ਉਹ ਸਭ ਬਣਨ ਦੇ ਦੁਆਰਾ ਜਿਹੜਾ ਪਰਮੇਸ਼ਰ ਨੇ ਉਸ ਦੇ ਲਈ ਠਹਿਰਾਇਆ ਹੈ, ਆਪਣੇ ਪਤੀ ਦੀ ਉਹ ਸਭ ਬਣਨ ਵਿੱਚ ਮਦਦ ਕਰਦੀ ਹੈ ਜਿਹੜਾ ਪਰਮੇਸ਼ਰ ਨੇ ਉਸ ਦੇ ਲਈ ਠਹਿਰਾਇਆ ਹੈ।

ਸਹਾਇਕ:

ਤੁਹਾਡੇ ਵਿੱਚ ਵਿਸ਼ਵਾਸ ਕਰਦੀ ਹੈ

ਤੁਹਾਨੂੰ ਉਵੇਂ ਹੀ ਸਵੀਕਾਰ ਕਰਦੀ ਹੈ ਜਿਵੇਂ ਤੁਸੀਂ ਹੋ

ਤੁਹਾਨੂੰ ਸਮਝਦੀ ਹੈ

ਤੁਹਾਡੇ ਵਿੱਚ ਦਿਲਚਸਪੀ ਲੈਂਦੀ ਹੈ

ਤੁਹਾਡੀ ਮਦਦ ਕਰਦੀ ਹੈ

ਅਧੀਨਤਾ ਦਾ ਅਰਥ ਹੈ ਕਿਰਿਆਸ਼ੀਲ ਪ੍ਰੇਮ, ਇਹ ਤੁਹਾਡੇ ਪਤੀ ਨੂੰ ਸੁਨੇਹਾ ਦਿੰਦਾ ਹੈ ਕਿ ਉਹ ਬਹੁਤ ਮੁੱਲਵਾਨ ਹੈ ਅਤੇ ਉਸ ਦੀਆਂ ਲੋੜਾਂ ਤੁਹਾਡੀਆਂ ਲੋੜਾਂ ਨਾਲੋਂ ਵਧੇਰੇ ਮਹੱਤਵਪੂਰਨ ਹਨ।

## ਪਰਿਵਾਰ ਦੇ ਲਈ ਉਸਾਰੀ

ਕਹਾਉਤਾਂ 24: 3, 4

**ਬੁੱਧ** ਨਾਲ ਘਰ (ਇੱਕ ਜੀਵਨ, ਇੱਕ ਘਰ, ਇੱਕ ਪਰਿਵਾਰ) ਬਣਾਈਦਾ ਹੈ, ਅਤੇ **ਸਮਝ** ਨਾਲ ਉਹ (ਇੱਕ ਮਜਬੂਤ ਅਤੇ ਚੰਗੀ ਨੀਂਹ ਉੱਤੇ) ਅਸਥਿਰ ਰਹਿੰਦਾ ਹੈ । **ਗਿਆਨ** ਦੇ ਰਾਹੀਂ ਉਹ ਦੀਆਂ ਕੋਠੜੀਆਂ (ਹਰੇਕ ਖੇਤਰ ਲਈ) ਸਭ ਪਰਕਾਰ ਦੇ ਅਣਮੁੱਲ ਅਤੇ ਮਨ ਭਾਉਂਦੇ ਪਦਾਰਥਾਂ ਨਾਲ ਭਰਦੀਆਂ ਹਨ।

"ਇੱਕ **ਬੁੱਧਵਾਨ** ਇਸਤਰੀ **ਆਪਣਾ** ਘਰ 'ਬਣਾਉਂਦੀ' ਹੈ"…..

ਕਹਾਉਤਾਂ 14:1 **ਬੁੱਧਵਾਨ** ਇਸਤਰੀ ਤਾਂ ਆਪਣਾ ਘਰ ਬਣਾਉਂਦੀ ਹੈ, ਪਰ **ਮੂਰਖਣੀ** ਆਪਣੀਂ ਹੀ ਹੱਥੀਂ ਉਹ ਨੂੰ ਢਾਹ ਦਿੰਦੀ ਹੈ।

"ਮੂਰਖ" – ਬੁੱਜ, ਮੰਦਬੁੱਧੀ, ਪਰਮੇਸ਼ਰ ਦੀਆਂ ਗੱਲਾਂ ਦੇ ਪ੍ਰਤੀ ਆਲਸੀ, ਵਿਨਾਸ਼ ਲਈ ਉਤਾਰੂ, ਬੁੱਧੂ, ਬੇਵਕੂਫ (ਖਾਲੀ ਦਿਮਾਗ) ਕਹਾਉਤਾਂ 18:6,7,21, 21:23

ਕਹਾਉਤਾਂ 12:15 "**ਮੂਰਖ** ਦੀ ਚਾਲ ਉਹ ਦੀ ਆਪਣੀ ਨਿਗਾਹ ਵਿੱਚ ਚੰਗੀ ਹੈ, ਪਰ **ਬੁੱਧਵਾਨ** ਸਲਾਹ ਨੂੰ ਮੰਨ ਲੈਂਦਾ ਹੈ।

15:32 "ਸਿੱਖਿਆ ਨੂੰ ਰੱਦ ਕਰਨ ਵਾਲਾ ਆਪਣੀ ਹੀ ਜਾਨ ਨੂੰ ਤੁੱਛ ਜਾਣਦਾ ਹੈ, ਪਰ ਜੋ ਤਾੜ ਵੱਲ ਕੰਨ ਲਾਉਂਦਾ ਹੈ ਉਹ ਸਮਝ ਪ੍ਰਾਪਤ ਕਰਦਾ ਹੈ।"

9:12, 13 "ਜੇ ਤੂੰ ਬੁੱਧਵਾਨ ਹੈਂ ਤਾਂ ਤੂੰ **ਆਪਣੇ ਲਈ** ਬੁੱਧਵਾਨ ਹੈਂ, ਪਰ ਜੇ ਤੂੰ ਮਖੌਲੀਆ ਹੈਂ ਤਾਂ ਤੂੰ ਇਕੱਲਾ ਹੀ ਉਹ ਨੂੰ ਚੁੱਕੇਂਗਾ।"

31:10 "**ਪਤਵੰਤੀ** ਪਤਨੀ (ਇਸਤਰੀ) ਕਿਹ ਨੂੰ ਮਿਲਦੀ ਹੈ? ਯੋਗ, ਸਿਆਣੀ, ਗੁਣਵੰਤੀ ਇਸਤਰੀ। ਬਲ, ਮੁੱਲ, ਦਿਲੇਰੀ, ਯੋਗਤਾ, ਹਿੰਮਤ, ਗੁਣ – ਇੱਕ ਸ਼ਕਤੀ ਜਿਸ ਦੇ ਨਾਲ ਮੁਕਾਬਲਾ ਹੁੰਦਾ ਹੈ – ਚਰਿੱਤਰ ਵਿੱਚ ਤਕੜੀ ਅਤੇ ਬਲਵੰਤ – ਇਸਰਾਏਲ ਦੇ ਨਿਆਈਆਂ ਵਰਗਾ ਹੀ ਵੇਰਵਾ।

12:4 "ਪਤਵੰਤੀ ਪਤਨੀ (ਇਸਤਰੀ) ਆਪਣੇ ਪਤੀ ਦਾ ਮੁਕਟ (ਅਨੰਦਮਈ ਮੁਕਟ) ਹੈ, **ਪਰ** ਖੱਜਲ ਕਰਨ ਵਾਲੀ ਉਹ ਦੀਆਂ **ਹੱਡੀਆਂ ਦਾ ਸਾੜਾ** ਹੈ (ਜਿਵੇਂ ਕੀੜਾ ਖਾ ਜਾਂਦਾ ਹੈ)।

## ਪਰਮੇਸ਼ਰ ਦਾ ਰਾਜ

ਮੱਤੀ 6:33

ਪਰ ਤੁਸੀਂ ਪਹਿਲਾਂ ਉਹ ਦੇ ਰਾਜ ਅਤੇ ਉਹ ਦੇ ਧਰਮ (ਸਹੀ ਕਰਨ ਅਤੇ ਹੋਣ ਦਾ ਪਰਮੇਸ਼ਰ ਦਾ ਤਰੀਕਾ) ਨੂੰ ਭਾਲੋ (ਨਿਸ਼ਾਨਾ ਬਣਾਓ ਅਤੇ ਵਧਦੇ ਰਹੋ) ਤਾਂ ਤੁਹਾਨੂੰ ਏਹ ਸਾਰੀਆਂ ਵਸਤਾਂ ਵੀ ਦਿੱਤੀਆਂ ਜਾਣਗੀਆਂ।

ਰੋਮੀਆਂ 14:17

ਕਿਉਂ ਜੋ ਪਰਮੇਸ਼ਰ ਦਾ ਰਾਜ ਖਾਣਾ ਪੀਣਾ ਨਹੀਂ ਸਗੋਂ

(1) **ਧਾਰਮਿਕਤਾ** (2) ਪਵਿੱਤਰ ਆਤਮਾ ਵਿੱਚ **ਸ਼ਾਂਤੀ** (3) ਅਤੇ **ਅਨੰਦ** ਹੈ।

I. ਧਾਰਮਿਕਤਾ ਸਹੀ ਸੰਬੰਧ

1. ਪਰਮੇਸ਼ਰ ਦੇ ਨਾਲ ਸਾਡਾ ਸੰਬੰਧ
2. ਸਾਡੇ ਆਪਣੇ ਨਾਲ ਸਾਡਾ ਸੰਬੰਧ
3. ਸਾਡੇ ਗੁਆਂਢੀਆਂ (ਦੂਜਿਆਂ) ਦੇ ਨਾਲ ਸਾਡਾ ਸੰਬੰਧ

ਸਹੀ ਸੰਬੰਧਾਂ ਦੇ ਨਾਲ ਇਹ ਵੀ ਆਉਂਦਾ ਹੈ

II. ਸ਼ਾਂਤੀ ਪਰਮੇਸ਼ਰ ਦੇ ਨਾਲ, ਮੇਰੇ ਨਾਲ, ਦੂਜਿਆਂ ਦੇ ਨਾਲ

III. ਅਨੰਦ ਪਰਮੇਸ਼ਰ ਵਿੱਚ, ਮੇਰੇ ਵਿੱਚ, ਦੂਜਿਆਂ ਦੇ ਨਾਲ

IV. ਪਵਿੱਤਰ ਆਤਮਾ ਵਿੱਚ (ਕੇਵਲ ਪਵਿੱਤਰ ਆਤਮਾ ਵਿੱਚ ਹੀ ਸੰਭਵ ਹੈ)

**ਯੋਗ ਚਾਲ ਚਲੋ**

ਫ਼ਿਲਿੱਪੀਆਂ 1:27
ਨਿਰੀ ਤੁਸੀਂ ਮਸੀਹ ਦੀ ਖੁਸ਼ ਖਬਰੀ ਦੇ ਜੋਗ ਚਾਲ ਚੱਲੋ ਇਸ ਲਈ ਜੋ ਮੈਂ ਭਾਵੇਂ ਆਣ ਕੇ ਤੁਹਾਨੂੰ ਮਿਲਾਂ ਭਾਵੇਂ ਤੁਹਾਥੋਂ ਪਰੋਖੇ ਹੋਵਾਂ ਪਰ ਤੁਹਾਡੀ ਇਹ ਵਿਥਿਆ ਸੁਣਾਂ ਭਈ ਤੁਸੀਂ **ਇੱਕੋ ਆਤਮਾ** ਵਿੱਚ ਦ੍ਰਿੜ੍ਹ ਅਤੇ **ਇੱਕ ਮਨ** ਹੋ ਕੇ ਖੁਸ਼ ਖਬਰੀ ਦੀ ਨਿਹਚਾ ਲਈ ਜਤਨ ਕਰਦੇ।

ਸਿਰਫ ਇਹ ਪੱਕਾ ਕਰ ਲਓ ਕਿ ਤੁਸੀਂ ਨਾਗਰਿਕ ਹੋ ਅਤੇ ਉਸੇ ਅਨੁਸਾਰ ਜੀਵਨ ਬਿਤਾਓ, ਕਿ ਤੁਹਾਡੀ ਜੀਵਨਸ਼ੈਲੀ ਮਸੀਹ ਦੀ ਖੁਸ਼ਖਬਰੀ ਦੇ **ਯੋਗ** ਹੋਵੇ, ਤਾਂ ਜੋ ਭਾਵੇਂ ਮੈਂ ਤੁਹਾਨੂੰ ਮਿਲਣ ਲਈ ਆਵਾਂ ਜਾਂ ਗੈਰਹਾਜਰ ਰਹਾਂ, ਮੈਂ ਤੁਹਾਡੇ ਬਾਰੇ ਇਹ ਸੁਣਦਾ ਰਹਾਂ: ਕਿ ਤੁਸੀਂ 'ਇੱਕ' ਆਤਮਾ ਅਤੇ ਉਦੇਸ਼ ਵਿੱਚ ਤਕੜਾਈ ਨਾਲ ਖੜੇ ਹੋ, ਮਿਲਜੁਲ ਕੇ ਸੰਘਰਸ਼ ਕਰ ਰਹੇ ਹੋ ਅਤੇ ਖੁਸ਼ਖਬਰੀ ਦੀ ਨਿਹਚਾ ਦੇ ਲਈ ਇੱਕ ਮਨ ਨਾਲ ਡਟੇ ਹੋਏ ਹੋ।
Amplified Bible

ਫ਼ਿਲਿੱਪੀਆਂ 3:16,17
ਪਰ ਜਿੱਥੋਂ ਤੋੜੀ ਅਸੀਂ ਅੱਪੜੇ ਹਾਂ ਉਸੇ ਦੇ ਅਨੁਸਾਰ **ਚੱਲੀਏ।**

ਹੇ ਭਰਾਵੋ, ਤੁਸੀਂ ਰਲ ਕੇ ਮੇਰੀ ਰੀਸ ਕਰੋ ਅਤੇ ਉਨ੍ਹਾਂ ਵੱਲ ਧਿਆਨ ਰੱਖੋ ਜੋ ਇਹੋ ਜਿਹੀ ਚਾਲ ਚੱਲਦੇ ਹਨ ਜਿਵੇਂ ਤੁਹਾਡੇ ਲਈ ਨਮੂਨੇ ਹਾਂ।

ਫ਼ਿਲਿੱਪੀਆਂ 4:9

ਜੋ ਕੁਝ ਤੁਸਾਂ **ਸਿੱਖਿਆ** ਅਤੇ **ਮੰਨ ਲਿਆ** ਅਤੇ **ਸੁਣਿਆ** ਅਤੇ ਮੇਰੇ ਵਿੱਚ ਡਿੱਠਾ ਓਹੀਓ ਕਰੋ ਤਾਂ ਸ਼ਾਂਤੀ ਦਾਤਾ (ਸੰਕਟ ਰਹਿਤ, ਅਖੰਡ ਸੁੱਖ) ਪਰਮੇਸ਼ਰ ਤੁਹਾਡੇ ਅੰਗ ਸੰਗ ਹੋਵੇਗਾ।

ਅਫ਼ਸੀਆਂ 4:1, 2, 3
ਉਪਰੰਤ ਮੈਂ ਜੋ ਪ੍ਰਭੂ ਦੇ ਨਮਿੱਤ ਕੈਦੀ ਹਾਂ ਤੁਹਾਡੇ ਅੱਗੇ ਇਹ ਬੇਨਤੀ ਕਰਦਾ ਹਾਂ ਜੋ ਤੁਸੀਂ ਜਿਸ (ਰੱਬੀ) ਸੱਦੇ ਨਾਲ ਸੱਦੇ ਹੋਏ ਹੋ ਉਹ ਦੇ **ਜੋਗ** ਚਾਲ **ਚੱਲੋ** (ਜੀਵਨ ਬਿਤਾਓ)**।**

ਅਰਥਾਤ ਪੂਰਨ ਅਧੀਨਗੀ (ਦੀਨਤਾ) ਨਰਮਾਈ (ਨਿਰਸੁਆਰਥ, ਕੋਮਲਤਾ, ਸਾਦਗੀ), ਅਤੇ ਧੀਰਜ ਸਹਿਤ ਪ੍ਰੇਮ ਨਾਲ ਇੱਕ ਦੂਜੇ ਦੀ ਸਹਿ ਲਵੋ।

ਅਤੇ ਮਿਲਾਪ ਦੇ ਬੰਧ ਵਿੱਚ ਆਤਮਾ ਦੀ ਏਕਤਾ ਦੀ ਪਾਲਨਾ ਕਰਨ ਦਾ ਜਤਨ ਕਰੋ।

ਅਫ਼ਸੀਆਂ 5:8, 15, 17
ਕਿਉਂ ਜੋ ਤੁਸੀਂ ਅੱਗੇ ਅਨ੍ਹੇਰਾ ਸਾਓ ਪਰ ਹੁਣ ਪ੍ਰਭੂ ਵਿੱਚ ਹੋ ਕੇ ਚਾਨਣ ਹੋ, ਤੁਸੀਂ ਚਾਨਣ ਦੇ ਪੁਤਰਾਂ ਵਾਙੁ **ਚੱਲੋ** (ਚਾਨਣ ਵਿੱਚ ਜਨਮੇ ਲੋਕਾਂ ਵਾਂਗ ਜੀਵਨ ਬਿਤਾਓ)**।**

ਸੋ ਚੌਕਸੀ ਨਾਲ ਵੇਖੋ ਭਈ ਤੁਸੀਂ ਕਿੱਕੁਰ **ਚੱਲਦੇ ਹੋ**, ਨਿਰਬੁੱਧਾਂ ਵਾਂਙੁ ਨਹੀਂ ਸਗੋਂ **ਬੁੱਧਵਾਨਾਂ** (ਸਿਆਣੇ, ਸਮਝਦਾਰ ਲੋਕਾਂ) ਵਾਂਙੁ।

ਇਸ ਕਾਰਨ ਤੁਸੀਂ ਮੂਰਖ ਨਾ ਹੋਵੋ ਸਗੋਂ ਸਮਝੋ ਭਈ ਪ੍ਰਭੂ ਦੀ ਕੀ ਇੱਛਿਆ ਹੈ।

ਕੁਲੁੱਸੀਆਂ 1:9-12
ਤੁਸੀਂ ਅਜਿਹੀ ਜੋਗ ਚਾਲ **ਚੱਲੋ** (ਜੀਵਨ ਬਿਤਾਓ) ਜਿਹੜੀ ਪ੍ਰਭੂ ਨੂੰ ਹਰ ਤਰਾਂ ਨਾਲ ਭਾਵੇ....

2:6
ਸੋ ਜਿਵੇਂ ਤੁਸਾਂ ਮਸੀਹ ਯਿਸੂ ਪ੍ਰਭੂ ਨੂੰ ਕਬੂਲ ਕੀਤਾ ਤਿਵੇਂ ਉਹ ਦੇ ਵਿੱਚ **ਚੱਲਦੇ** (ਆਪਣੇ ਜੀਵਨ ਨੂੰ ਢਾਲੋ ਅਤੇ ਜੀਵਨ ਬਿਤਾਓ) ਜਾਓ।

3:3, 12-17
ਸੋ ਤੁਸੀਂ ਪਰਮੇਸ਼ਰ ਦਿਆਂ ਚੁਣਿਆਂ ਹੋਇਆਂ ਵਾਂਙੁ...**ਪਹਿਨ ਲਓ।**

3:18-24
ਪਤਨੀਆਂ............

ਪਤੀ...........

ਬੱਚੇ..............

ਦਾਸ..........

ਤੀਤੁਸ 2: 1-15, 3:1-8

## ਪਤੀ-ਪਤਨੀ ਦਾ ਸੰਬੰਧ

## ਆਦ ਵਿੱਚ

"ਆਦ ਵਿੱਚ" ਆਦਮ ਅਤੇ ਹੱਵਾਹ ਦੇ "ਉਦੇਸ਼" ਦੀ "ਏਕਤਾ" ਅਤੇ "ਦਿਸ਼ਾ" ਵਿੱਚ ਸੰਪੂਰਨਤਾ ਸੀ ਕਿਉਂਕਿ ਉਨ੍ਹਾਂ ਦੀ ਇੱਛਾ ਪੂਰੀ ਤਰ੍ਹਾਂ ਪਰਮੇਸ਼ਰ ਦੀ ਇੱਛਾ ਦੀ ਇੱਕਸਾਰਤਾ ਵਿੱਚ ਸੀ, ਇਸ ਕਰਕੇ ਉਹ ਇੱਕ ਦੂਜੇ ਦੇ ਨਾਲ ਸਿੱਧ "ਸਹਿਮਤੀ" ਸਨ। ਉਹ ਇੱਕ "ਮਨ" ਨਾਲ "ਆਤਮਾ" ਵਿੱਚ ਇੱਕ ਸਨ, "ਇੰਜੀਲ" ਦੀ ਨਿਹਚਾ ਅਰਥਾਤ ਪਰਮੇਸ਼ਰ ਦੀ ਇੱਛਾ ਦੇ ਲਈ ਮਿਲ ਕੇ ਅੱਗੇ ਵਧ ਰਹੇ ਸਨ।

ਕਲੀਸੀਆ ਦੇ ਆਗੂ ਹੋਣ ਦੇ ਨਾਤੇ ਸਾਡੇ ਪਤੀਆਂ ਅਤੇ ਪਤਨੀਆਂ ਦੇ ਵਿਆਹੁਤਾ ਸੰਬੰਧ ਅਜਿਹੇ ਹੋਣੇ ਚਾਹੀਦੇ ਹਨ ਕਿ ਇਹ ਦੂਜਿਆਂ ਦੇ ਲਈ "ਇੱਕ ਆਦਰਸ਼" ਬਣੇ, ਕਿ ਅਸੀਂ ਕਲੀਸੀਆ ਦੇ ਵਿਆਹੁਤਾ ਲੋਕਾਂ ਅਤੇ ਪਰਿਵਾਰਾਂ ਲਈ ਇੱਕ "ਪੱਧਤੀ" ਬਣ ਜਾਈਏ। ਕਿ ਅਸੀਂ ਆਖ ਸਕੀਏ "ਭਰਾਵੋ, ਸਾਡੇ ਆਦਰਸ਼ ਦਾ ਹਿੱਸਾ ਬਣ ਜਾਓ।" ਇਸ ਕਰਕੇ ਸਾਨੂੰ ਉਸ ਨਮੂਨੇ ਜਾਂ ਪੱਧਤੀ ਦਾ ਅਨੁਸਰਨ ਕਰਨਾ ਚਾਹੀਦਾ ਹੈ ਜਿਹੜਾ ਪਰਮੇਸ਼ਰ ਨੇ ਸਾਨੂੰ ਦਿੱਤਾ ਹੈ, ਜੋ ਕਿ ਉਸ ਦਾ ਵਚਨ ਹੈ।

ਸ਼ਤਾਨ ਨੇ ਆਦਮੀ ਅਤੇ ਇਸਤਰੀ ਦੀ ਇਸ "ਏਕਤਾ" ਦੀ ਸ਼ਕਤੀ ਨੂੰ ਵੇਖਿਆ ਸੀ ਕਿ ਉਹ ਇੱਕ ਦੂਜੇ ਦੇ ਨਾਲ ਅਤੇ ਪਰਮੇਸ਼ਰ ਦੇ ਨਾਲ ਸਿੱਧ ਏਕਤਾ ਵਿੱਚ ਸਨ। ਉਸ ਨੇ ਇੱਕ "ਯੋਜਨਾ" ਘੜੀ ਕਿ ਉਨ੍ਹਾਂ ਨੂੰ ਇੱਕ ਦੂਜੇ ਦੇ ਵਿਰੁੱਧ ਅਤੇ ਪਰਮੇਸ਼ਰ ਦੇ ਉਦੇਸ਼ ਦੇ ਵਿਰੁਧ ਕਰ ਦੇਵੇ।

ਸ਼ਤਾਨ ਦੀ ਯੋਜਨਾ ਇਹ ਸੀ ਕਿ ਉਹ ਹੱਵਾਹ ਨੂੰ ਭਰਮਾਵੇ ਕਿ ਪਹਿਲਾਂ ਆਪਣੀ ਸੰਤੁਸ਼ਟੀ ਕਰ ਲਵੇ ਅਤੇ ਆਦਮ ਅਤੇ ਪਰਮੇਸ਼ਰ ਤੋਂ ਵੱਖਰੀ ਹੋ ਜਾਵੇ।

ਜਦ ਪਾਪ ਆਇਆ ਤਦ ਅਸੀਂ ਪਰਮੇਸ਼ਰ ਕੇਂਦਰਿਤ ਅਤੇ ਦੂਜਿਆਂ ਤੇ ਕੇਂਦਰਿਤ ਹੋਣ ਦੀ ਬਜਾਏ "**ਆਤਮ ਕੇਂਦਰਿਤ**" ਹੋ ਗਏ।

**ਹੁਣ "ਇੰਜੀਲ ਦੀ ਨਿਹਚਾ ਅਰਥਾਤ ਪਰਮੇਸ਼ਰ ਦੇ ਉਦੇਸ਼ ਦੇ ਲਈ ਮਿਲ ਕੇ ਅੱਗੇ ਨਹੀਂ ਵਧ ਰਹੇ।"**

ਇੱਕ ਦੂਜੇ ਦੀ ਸੇਵਾ ਕਰਨ ਅਤੇ ਸੰਤੁਸ਼ਟੀ ਪ੍ਰਦਾਨ ਕਰਨ ਦੀ ਬਜਾਏ **ਆਤਮ-ਸੇਵਾ ਅਤੇ ਆਤਮ-ਸੰਤੁਸ਼ਟੀ** ਬਹੁਤੀ ਮਹੱਤਵਪੂਰਨ ਹੋ ਗਈ।

ਜਦ ਪਾਪ ਆਇਆ ਤਾਂ ਪੁਰਸ਼ ਅਤੇ ਇਸਤਰੀ **ਆਤਮ-ਕੇਂਦਰਿਤ** ਹੋ ਗਏ।

ਉਤਪਤ 3:7,8 ਪਾਪ ਦੇ ਕਾਰਨ ਆਦਮ ਅਤੇ ਹੱਵਾਹ ਨੇ ਪਹਿਲਾਂ ਆਪਣੇ ਆਪ ਨੂੰ ਇੱਕ ਦੂਜੇ ਤੋਂ ਕੱਜਿਆ ਅਤੇ ਫਿਰ ਪਰਮੇਸ਼ਰ ਕੋਲੋਂ ਲੁਕ ਗਏ।
ਉਹ ਉਲਝਣ ਵਿੱਚ ਪੈ ਗਏ ਕਿ ਵੈਰੀ ਕੌਣ ਸੀ।

ਉਤਪਤ 3:12,13 ਉਨ੍ਹਾਂ ਨੇ ਆਪਣੇ ਪਾਪ ਦਾ ਇਕਰਾਰ ਕਰਨ ਅਤੇ ਤੋਬਾ ਕਰਨ ਤੋਂ ਮਨਾ ਕਰ ਦਿੱਤਾ ਅਤੇ ਜੋ ਉਨ੍ਹਾਂ ਨੇ ਕੀਤਾ ਸੀ ਉਸ ਦਾ ਦੋਸ਼ ਦੂਜਿਆਂ ਤੇ ਲਗਾਉਣ ਲੱਗੇ ਅਤੇ ਆਪਣੇ ਕੰਮ ਨੂੰ ਸਹੀ ਠਹਿਰਾਉਣ ਲੱਗੇ।

ਜ਼ਰੂਰੀ ਹੈ ਕਿ **ਅਸੀਂ** ਆਪਣੇ ਪਾਪਾਂ ਦਾ ਇਕਰਾਰ ਇੱਕ ਦੂਜੇ ਦੇ ਸਾਹਮਣੇ ਅਤੇ ਪਰਮੇਸ਼ਰ ਦੇ ਸਾਹਮਣੇ ਕਰ ਲਈਏ ਅਤੇ ਉਸ ਤੋਂ ਤੋਬਾ ਕਰਕੇ ਮਾਫੀ ਮੰਗ ਲਈਏ।

**ਪਰ ਹੁਣ** ਯਿਸੂ ਦੇ ਕਾਰਨ ਅਸੀਂ "ਇੱਕ ਆਤਮਾ, ਇੱਕ ਮਨ" ਤੇ ਵਾਪਿਸ ਆ ਸਕਦੇ ਹਾਂ ਅਤੇ ਇੰਜੀਲ ਦੀ ਨਿਹਚਾ ਦੇ ਲਈ **ਮਿਲ ਕੇ** ਅੱਗੇ ਵਧ ਸਕਦੇ ਹਾਂ।

ਯਿਸੂ ਨੇ ਮਨੁੱਖ ਨੂੰ ਪਰਮੇਸ਼ਰ ਦੇ ਲਈ ਵਾਪਿਸ ਖਰੀਦ ਲਿਆ ਅਤੇ ਪਰਮੇਸ਼ਰ ਦੇ ਨਾਲ ਉਸ ਦੇ ਸੰਬੰਧ ਨੂੰ ਮੁੜ ਬਹਾਲ ਕਰ ਦਿੱਤਾ ਅਤੇ ਸਾਨੂੰ ਇੱਕ ਦੂਜੇ ਦੇ ਨਾਲ ਇੱਕ ਹੋਣ ਦੀ ਕਾਬਲਿਅਤ ਮੁੜ ਬਹਾਲ ਕਰ ਦਿੱਤੀ, ਜਿਵੇਂ ਕਿ ਪਾਪ ਦੇ ਆਉਣ ਤੋਂ ਪਹਿਲਾਂ ਆਦ ਵਿੱਚ ਸੀ।

ਹੁਣ ਅਸੀਂ ਵਿਆਹ ਅਤੇ ਸੰਬੰਧਾਂ ਦੇ ਲਈ ਪਰਮੇਸ਼ਰ ਦੀ ਅਸਲ ਪੱਧਤੀ ਤੇ ਵਾਪਿਸ ਆ ਸਕਦੇ ਹਾਂ ਅਤੇ ਸਾਡੇ ਅੰਦਰ ਪਵਿੱਤਰ ਆਤਮਾ ਦੇ ਨਾਲ ਮਿਲ ਕੇ ਪਰਮੇਸ਼ਰ ਦੇ ਵਚਨ ਉੱਤੇ ਉਸਾਰੀ ਕਰ ਸਕਦੇ ਹਾਂ ਕਿ ਸਾਡੇ ਮਨ ਨਵੇਂ ਹੋ ਸਕਣ ਅਤੇ ਅਸੀਂ ਸ਼ਕਤੀ ਪ੍ਰਾਪਤ ਕਰ ਸਕੀਏ ਕਿ ਇੱਕ ਵਾਰ ਫਿਰ ਅਸੀਂ ਆਤਮ-ਕੇਂਦਰਿਤ ਨਾ ਹੋ ਕੇ **ਦੂਜਿਆਂ ਤੇ ਕੇਂਦਰਿਤ** ਹੋ ਜਾਈਏ।
**ਇੱਕ ਦੂਜੇ ਤੇ ਨਿਰਭਰ,** ਸੁਤੰਤਰ ਨਹੀਂ

ਜੇਕਰ ਅਸੀਂ ਆਖੀਏ ਕਿ ਅਸੀਂ ਯਿਸੂ ਮਸੀਹ ਦੇ ਹਾਂ ਅਤੇ ਉਸ ਤੋਂ ਜਨਮੇ ਹਾਂ ਅਤੇ ਪਰਮੇਸ਼ਰ ਦੇ ਨਾਲ ਸਾਡਾ ਆਤਮਕ ਸੰਬੰਧ ਹੈ, ਤਾਂ ਫਿਰ ਇਹ ਸਭ ਤੋਂ ਪਹਿਲਾਂ ਇੱਕ ਦੂਜੇ ਦੇ ਨਾਲ ਸਾਡੇ ਸੰਬੰਧ ਵਿੱਚ ਦਿਖਾਈ ਦੇਣਾ ਚਾਹੀਦਾ ਹੈ।

ਪਤੀ ਦੀ ਪਹਿਲੀ ਸੇਵਕਾਈ ਆਪਣੀ ਪਤਨੀ ਅਤੇ ਬੱਚਿਆਂ ਲਈ ਹੈ ਅਤੇ ਫਿਰ ਦੂਜਿਆਂ ਦੇ ਲਈ।

ਉਤਪਤ 18:19 ਅਬਰਾਹਾਮ ਨੇ ਆਪਣੀ ਸੰਤਾਨ ਅਤੇ ਘਰਾਣੇ ਨੂੰ ਹੁਕਮ ਦਿੱਤਾ ਕਿ ਉਹ ਪਰਮੇਸ਼ਰ ਦੇ ਰਾਹਾਂ ਤੇ ਚੱਲਦੇ ਰਹਿਣ।

ਅੱਯੂਬ 1:1 ਅੱਯੂਬ ਨਿਰਦੋਸ਼, ਨਿਹਕਲੰਕ, ਪਰਮੇਸ਼ਰ ਦਾ ਭੈ ਮੰਨਣ ਵਾਲਾ ਅਤੇ ਬੁਰਿਆਈ ਤੋਂ ਦੂਰ ਰਹਿਣ ਵਾਲਾ ਸੀ।

:5 ਅੱਯੂਬ ਉਨ੍ਹਾਂ ਦੇ ਲਈ ਸਵੇਰੇ ਹੀ ਸੁਧੀਕਰਨ (ਪ੍ਰਾਰਥਨਾ ਅਤੇ ਮਧਿਅਸਥੀ) ਕਰਦਾ ਅਤੇ ਹੋਮ ਬਲੀਆਂ ਚੜ੍ਹਾਉਂਦਾ ਹੁੰਦਾ ਸੀ।

ਪਤਨੀ ਦੀ ਪਹਿਲੀ ਸੇਵਕਾਈ ਉਸ ਦੇ ਪਤੀ ਅਤੇ ਬੱਚਿਆਂ ਲਈ ਹੈ ਅਤੇ ਫਿਰ ਦੂਜਿਆਂ ਦੇ ਲਈ।

ਕਹਾਉਤਾਂ 31:11, 12, 27
ਉਹ ਦੇ ਭਰਤਾ ਦਾ ਮਨ ਉਹ ਦੇ ਉੱਤੇ ਭਰੋਸਾ ਰੱਖਦਾ ਹੈ, ਅਤੇ ਉਹ ਨੂੰ ਲਾਭ ਦੀ ਕੁਝ ਥੁੜ ਨਹੀਂ ਹੁੰਦੀ। ਉਮਰ ਭਰ ਉਹ ਉਸ ਦੇ ਨਾਲ ਭਲਿਆਈ ਹੀ ਕਰੇਗੀ, ਬੁਰਿਆਈ ਨਹੀਂ।
ਉਹ ਆਪਣੇ ਟੱਬਰ ਦੀ ਚਾਲ ਨੂੰ ਧਿਆਨ ਨਾਲ ਵੇਖਦੀ ਹੈ, ਅਤੇ ਆਲਸ (ਚੁਗਲੀ, ਅਸੰਤੋਖ ਅਤੇ ਆਤਮ-ਦਇਆ) ਦੀ ਰੋਟੀ ਨਹੀਂ ਖਾਂਦੀ।

## ਬੱਚਿਆਂ ਦੀ ਪਰਵਰਿਸ਼ ਕਰਨਾ

ਕਹਾਉਤਾਂ 22:6

"ਬਾਲਕ ਨੂੰ ਉਹ ਦਾ ਠੀਕ ਰਾਹ ਸਿਖਲਾ, ਤਾਂ ਉਹ ਵੱਡਾ ਹੋ ਕੇ ਵੀ ਉਸ ਤੋਂ ਕਦੀ ਨਾ ਹਟੇਗਾ।"

**ਸਿਖਲਾਈ** ਅਤੇ **ਸਿੱਖਿਆ** ਵਿੱਚ ਅੰਤਰ ਹੈ।
ਸਾਡੇ ਵਿੱਚੋਂ ਜਿਆਦਾਤਰ ਲੋਕ ਆਪਣੇ ਬੱਚਿਆਂ ਨੂੰ ਉਸ ਰਾਹ ਦੀ **ਸਿੱਖਿਆ** ਦੇ ਰਹੇ ਹਨ ਜਿਸ ਉੱਤੇ ਉਨ੍ਹਾਂ ਨੂੰ ਚੱਲਣਾ ਹੈ, ਪਰ ਅਸੀਂ ਉਨ੍ਹਾਂ ਨੂੰ "ਉਸ ਰਾਹ ਤੇ ਚੱਲਣ ਦੀ **ਸਿਖਲਾਈ** ਦੇਣ ਨੂੰ ਅਣਦੇਖਾ ਕਰ ਰਹੇ ਹਾਂ ਜਿਸ

ਉੱਤੇ ਉਨ੍ਹਾਂ ਨੂੰ ਚੱਲਣਾ ਹੈ। ਇੱਕ ਬੱਚੇ ਨੂੰ ਸਿਖਲਾਈ ਦਿੱਤੀ ਜਾ ਸਕਦੀ ਹੈ ਕਿ ਉਹ ਆਪਣੀ ਇੱਛਾ ਨਾਲ ਆਪਣੇ ਮਾਪਿਆਂ ਦੀ ਆਗਿਆਕਾਰੀ ਕਰੇ ਅਤੇ ਉਨ੍ਹਾਂ ਉੱਤੇ ਭਰੋਸਾ ਕਰੇ।

**ਸਿਖਲਾਈ** ਦੇਣਾ: "ਚਰਿੱਤਰ ਨੂੰ ਢਾਲਣਾ, ਅਭਿਆਸ ਦੁਆਰਾ ਨਿਰਦੇਸ਼ ਦੇਣਾ, ਅੰਦਰ ਬੈਠਾਉਣਾ, ਹੁਕਮਾਂ ਦਾ ਆਗਿਆਕਾਰੀ ਕਰਾਉਣਾ, ਇੱਕ ਨਿਸ਼ਚਿਤ ਦਿਸ਼ਾ ਦਿਖਾਉਣਾ ਜਾਂ ਉਸ ਵਿੱਚ ਚਲਾਉਣਾ, ਮੁਕਾਬਲੇ ਲਈ ਤਿਆਰ ਕਰਾਉਣਾ। ਜੀਵਨ ਦਾ **ਮੁਕਾਬਲਾ।**

ਅਸੀਂ ਸਾਰੇ ਆਪਣੇ ਬੱਚਿਆਂ ਨੂੰ ਕਿਸੇ ਨਾ ਕਿਸੇ ਤਰੀਕੇ ਨਾਲ ਸਿਖਲਾਈ ਦਿੰਦੇ ਹਾਂ, ਭਾਵੇਂ ਸੋਚ-ਵਿਚਾਰ ਕਰਕੇ ਜਾਂ ਫਿਰ ਅਨਜਾਣੇ ਵਿੱਚ।

ਸਮੂਏਲ ਨੂੰ ਸੁਣਨ ਲਈ ਅਤੇ ਫਿਰ ਦੱਸੀ ਗਈ ਗੱਲ ਦੀ ਆਗਿਆਕਾਰੀ ਲਈ ਸਿਖਲਾਈ ਦਿੱਤੀ ਗਈ ਸੀ: ਏਲੀ ਦੇ ਪੁੱਤਰ ਅਣਆਗਿਆਕਾਰੀ ਅਤੇ ਲੁੱਚੇ ਸਨ। ਏਲੀ ਨੇ ਆਪਣੇ ਪੁੱਤਰਾਂ ਨੂੰ ਸਿਖਾਇਆ ਪਰ ਪ੍ਰਭੂ ਦੇ ਰਾਹਾਂ ਬਾਰੇ ਉਨ੍ਹਾਂ ਨੂੰ ਸਿਖਲਾਈ ਨਹੀਂ ਦਿੱਤੀ। "ਉਨ੍ਹਾਂ ਨੇ ਆਪਣੇ ਪਿਉ ਦਾ ਆਖਿਆ ਨਾ ਮੰਨਿਆ।" "ਉਹ ਦੇ ਪੁੱਤਰਾਂ ਨੇ ਆਪਣੇ ਆਪ ਨੂੰ ਨੀਚ ਕੀਤਾ ਅਤੇ ਉਹ ਨੇ ਉਨ੍ਹਾਂ ਨੂੰ ਨਹੀਂ ਵਰਜਿਆ: ਉਹ "ਆਪਣੇ ਪੁੱਤਰਾਂ ਦਾ ਪ੍ਰਭੂ ਨਾਲੋਂ ਵਧੀਕ ਆਦਰ ਕਰਦਾ ਸੀ।"
I ਸਮੂਏਲ 2:29

## ਸਿਖਲਾਈ ਕਿਵੇਂ ਦੇਈਏ???

ਕਹਾਉਤਾਂ 22:15 "ਬਾਲਕ ਦੇ ਮਨ ਵਿੱਚ ਮੂਰਖਤਾਈ ਬੱਧੀ ਹੋਈ ਹੁੰਦੀ ਹੈ, ਤਾੜ ਦੀ ਛਿਟੀ ਉਹ ਨੂੰ ਉਸ ਤੋਂ ਦੂਰ ਕਰ ਦਿੰਦੀ ਹੈ।"

ਕਹਾਉਤਾਂ 13:24 "ਜਿਹੜਾ ਪੁੱਤਰ ਉੱਤੇ ਛੂਛਕ ਨਹੀਂ ਚਲਾਉਂਦਾ ਉਹ ਉਸ ਦਾ ਵੈਰੀ ਹੈ, ਪਰ ਜਿਹੜਾ ਉਸ ਦੇ ਨਾਲ ਪਿਆਰ ਕਰਦਾ ਹੈ ਉਹ ਵੇਲੇ ਸਿਰ ਉਸ ਨੂੰ ਤਾੜਦਾ ਹੈ।"

ਕਹਾਉਤਾਂ 23:13,14 "ਬਾਲਕ ਦੇ ਤਾੜਨ ਤੋਂ ਨਾ ਰੁਕ, ਭਾਵੇਂ ਤੂੰ ਛਿਟੀ ਨਾਲ ਉਹ ਨੂੰ ਮਾਰੇਂ ਤਾਂ ਉਹ ਨਾ ਮਰੇਗਾ। ਤੂੰ ਛਿਟੀ ਨਾਲ ਉਹ ਨੂੰ ਮਾਰ, ਅਤੇ ਉਹ ਦੀ ਜਾਨ ਨੂੰ ਪਤਾਲੋਂ ਬਚਾ ਲੈ।"

ਕਹਾਉਤਾਂ 29:15 "ਤਾੜ ਅਤੇ ਛਿਟੀ ਬੁੱਧ ਦਿੰਦੀਆਂ ਹਨ, ਪਰ ਜਿਹੜਾ ਬਾਲਕ ਬੇਮੁਹਾਰਾ ਛੱਡਿਆ ਜਾਂਦਾ ਹੈ, ਉਹ ਆਪਣੀ ਮਾਂ ਲਈ ਨਮੋਸ਼ੀ ਲਿਆਉਂਦਾ ਹੈ।"

ਕਹਾਉਤਾਂ 19:18 "ਜਦ ਤਾਈਂ ਆਸ ਹੈ ਆਪਣੇ ਪੁੱਤਰ ਨੂੰ ਤਾੜ, ਪਰ ਉਹ ਦੇ ਨਾਸ ਉੱਤੇ ਆਪਣਾ ਜੀ ਨਾ ਲਾ।"

ਕਹਾਉਤਾਂ 29:17 "ਆਪਣੇ ਪੁੱਤਰ ਨੂੰ ਤਾੜ ਤਾਂ ਉਹ ਤੈਨੂੰ ਸੁਖ ਦੇਵੇਗਾ, ਅਤੇ ਉਹ ਤੇਰੇ ਜੀ ਨੂੰ ਨਿਹਾਲ ਕਰੇਗਾ।"

ਕੀ ਮੈਂ ਉਸ ਦੀ ਪਰਤੀਤ ਕਰਦਾ ਹਾਂ ਜੋ ਪਰਮੇਸ਼ਰ ਦਾ ਵਚਨ ਆਖਦਾ ਹੈ? ਜਾਂ ਫਿਰ ਸਾਡਾ ਸਮਾਜ ਬਿਹਤਰ ਜਾਣਦਾ ਹੈ?

ਇਬਰਾਨੀਆਂ 12:6,7

"ਕਿਉਂ ਜੋ ਜਿਹ ਦੇ ਨਾਲ ਪਿਆਰ ਕਰਦਾ ਹੈ, ਪ੍ਰਭੂ ਉਹ ਨੂੰ ਤਾੜਦਾ ਹੈ, ਅਤੇ ਹਰੇਕ ਪੁੱਤਰ ਨੂੰ ਜਿਹ ਨੂੰ ਉਹ ਕਬੂਲ ਕਰਦਾ ਹੈ, ਉਹ ਕੋਰੜੇ ਮਾਰਦਾ ਹੈ। ਪਰਮੇਸ਼ਰ ਤੁਹਾਡੇ ਨਾਲ ਅਜਿਹਾ ਵਰਤਦਾ ਹੈ ਜਿਹਾ ਪੁੱਤਰਾਂ ਨਾਲ, ਕਿਉਂ ਜੋ ਉਹ ਕਿਹੜਾ ਪੁੱਤਰ ਹੈ ਜਿਹ ਨੂੰ ਪਿਉ ਨਹੀਂ ਤਾੜਦਾ?"

ਕਹਾਉਤਾਂ 20:30 "ਸੱਟਾਂ ਜਿਹੜੀਆਂ ਘਾਉ ਬਣਾਉਂਦੀਆਂ ਹਨ ਬੁਰਿਆਈ ਨੂੰ ਸਾਫ਼ ਕਰਦੀਆਂ ਹਨ, ਅਤੇ ਮਾਰ ਅੰਦਰਲੇ ਹਿੱਸਿਆਂ ਨੂੰ ਵੀ।"

ਵਿਰਲਾਪ 3:27 "ਗਭਰੂ ਲਈ ਚੰਗਾ ਹੈ ਕਿ ਆਪਣੀ ਜੁਆਨੀ ਵਿੱਚ ਜੂਲਾ ਚੁੱਕੇ।"

"ਛਿਟੀ" ਨੂੰ ਕਦੇ ਵੀ **ਗੁੱਸੇ, ਨਾਖੁਸ਼ੀ** ਜਾਂ **ਰੱਦੇ ਜਾਣ** ਵਜੋਂ ਨਹੀਂ ਵੇਖਿਆ ਜਾਣਾ ਚਾਹੀਦਾ, ਕਿਉਂਕਿ ਮਾਪੇ ਬੱਚਿਆਂ ਦੀ ਤਾੜਨਾ ਪਰਮੇਸ਼ਰ ਦੀ ਆਗਿਆਕਾਰੀ ਵਿੱਚ ਹੋ ਕੇ ਧੀਰਜ ਅਤੇ ਪ੍ਰੇਮ ਦੇ ਨਾਲ ਕਰਦੇ ਹਨ। ਜੇਕਰ ਅਸੀਂ ਲਗਾਤਾਰ ਚਿੜਦੇ ਜਾਂ ਝਿੜਕਦੇ ਰਹੀਏ ਤਾਂ ਫਿਰ ਬੱਚੇ ਦੇ ਪ੍ਰਤੀ ਇਸ ਕ੍ਰੋਧ ਨੂੰ ਲਗਾਤਾਰ ਬਣਾਈ ਰੱਖਣਾ ਪੈਂਦਾ ਹੈ ਕਿਉਂਕਿ ਉਸ ਨੂੰ ਸੁਧਾਰਿਆ ਨਹੀਂ ਗਿਆ ਹੈ।

ਬੱਚਾ ਇਸ ਗੱਲ ਨੂੰ ਸਿੱਖੇਗਾ ਕਿ ਛਿਟੀ ਉਸ ਦੇ ਲਈ ਸਾਡੇ ਵੱਡੇ ਪ੍ਰੇਮ ਦੇ ਨਾਲ ਜੁੜੀ ਹੋਈ ਹੈ ਜੋ ਉਸ ਦੀ ਭਲਿਆਈ ਦੇ ਲਈ ਹੈ।

ਜਿਵੇਂ ਕਿ ਪਰਮੇਸ਼ਰ ਸਾਡੇ ਨਾਲ ਕਰਦਾ ਹੈ। ਜ਼ਬੂਰ 119:65,71,75,

ਸੁਜੈਨਾ ਵੈਸਲੇ ਨੇ ਆਖਿਆ "ਮੈਂ ਰੌਲਾ ਪਾਉਣ ਵਾਲੇ ਬੱਚੇ ਨੂੰ ਤਦ ਤੱਕ ਛਿਟੀ ਨਾਲ ਮਾਰਦੀ ਹਾਂ ਜਦ ਤੱਕ ਉਹ ਸ਼ਾਂਤ ਨਾ ਹੋ ਜਾਏ ਅਤੇ ਸ਼ਾਂਤ ਨੂੰ ਤਦ ਤੱਕ ਮਾਰਦੀ ਹਾਂ ਜਦ ਤੱਕ ਉਹ ਰੋਣ ਨਾ ਲੱਗ ਪਏ।" ਇਹ ਬਿਆਨ ਇੱਕ ਪ੍ਰਚਾਰਕ ਦੀ ਪਤਨੀ ਅਤੇ 17 ਬੱਚਿਆਂ ਦੀ ਮਾਂ ਦਾ ਹੈ।

ਛਿਟੀ ਦਾ ਗਲਤ ਉਪਯੋਗ ਸਿਖਲਾਈ ਨਹੀਂ ਹੈ।

**ਅਸੀਂ ਆਪਣੇ ਅਨੁਸ਼ਾਸਨ ਵਿੱਚ ਇੱਕਸਾਰਤਾ ਰੱਖੀਏ ਕਿ ਅਸੀਂ ਇਹ ਕਿਉਂ, ਕਿਵੇਂ ਅਤੇ ਕਦੋਂ ਕਰਦੇ ਹਾਂ। ਪਹਿਲਾਂ ਅਸੀਂ ਆਪਣੇ ਅਨੁਸ਼ਾਸਨ ਵਿੱਚ ਇੱਕਸਾਰਤਾ ਲੈ ਕੇ ਆਈਏ। ਸਾਨੂੰ ਆਪ ਵੀ ਅਨੁਸ਼ਾਸਤ ਹੋਣਾ ਹੈ। (ਇਹੋ ਸਭ ਤੋਂ ਔਖਾ ਹੈ।)**

ਅਸੀਂ ਸੁਰੱਖਿਆ ਦਾ ਵਾੜਾ ਉਨ੍ਹਾਂ ਦੀ ਰੱਖਿਆ ਲਈ ਬਣਾਈਏ, ਆਪਣੀ ਸਹੂਲਤ ਲਈ ਨਹੀਂ!
ਉਹ ਤੁਹਾਡੇ ਵੱਲੋਂ ਤਿਆਰ ਕੀਤੇ ਗਏ ਸੁਰੱਖਿਆ ਦੇ ਵਾੜੇ ਅਤੇ ਪਰਮੇਸ਼ਰ ਦੇ ਵਚਨ ਵਿੱਚ ਸੁਰੱਖਿਆ ਅਤੇ ਸੁਤੰਤਰਤਾ ਮਹਿਸੂਸ ਕਰਨਗੇ।

## ਅਧੀਨਤਾ

ਉਹ ਢਾਂਚਾ ਜਿਹੜਾ ਵਿਆਹ ਨੂੰ ਥੰਮ੍ਹਦਾ ਹੈ

ਅਧੀਨਤਾ: **ਹਿਰਦੇ ਦਾ ਇੱਕ ਵਿਹਾਰ ਹੈ** ਜਿਸ ਵਿੱਚ ਅਸੀਂ ਦੂਜੇ ਦੀਆਂ **ਲੋੜਾਂ, ਇੱਛਾਵਾਂ, ਅਧਿਕਾਰਾਂ ਅਤੇ ਇੱਜ਼ਤ** ਨੂੰ ਆਪਣੀਆਂ ਨਾਲੋਂ ਪਹਿਲ ਦੇਣ ਲਈ ਤਿਆਰ ਰਹਿੰਦੇ ਹਾਂ, ਤਾਂ ਜੋ ਮਸੀਹ ਦਾ ਆਦਰ ਹੋ ਸਕੇ।

**ਫ਼ਿਲਿੱਪੀਆਂ: 2:1-8**
**ਰੋਮੀਆਂ 12:3,10,17,18**
**ਤੀਤੁਸ 3:1,2**
**ਕੁਲੁੱਸੀਆਂ 3:17,18**

ਅਧੀਨਤਾ ਇੱਕ **ਚੋਣ ਹੈ** ਜੋ ਅਸੀਂ ਕਰਨੀ ਹੈ।
ਇੱਕ ਦਿੱਤੀ ਗਈ ਥਾਂ ਜਿਵੇਂ ਕਿ ਫੌਜ ਵਿੱਚ, ਅਰਥਾਤ I ਕੁਰਿੰਥੀਆਂ :11:3

ਅਧੀਨਤਾ ਦੇ ਨਤੀਜੇ:

ਨਿੱਜੀ ਵਾਧਾ ਅਤੇ ਭਰਪੂਰੀ

| | | |
|---|---|---|
| a. ਮਸੀਹ ਵਿੱਚ ਵਾਧਾ | ਯੂਹੰਨਾ 14:21 | |
| b. ਅਨੰਦ | ਜ਼ਬੂਰ 16:11 | ਅਫ਼ਸੀਆਂ 5:18-21 |
| c. ਸ਼ਾਂਤੀ | ਗਲਾਤੀਆਂ 5:22 | ਫ਼ਿਲਿੱਪੀਆਂ 4:6,7 |
| d. ਸੁੰਦਰਤਾ | I ਪਤਰਸ 3:3,4 | |
| e. ਬਲ | ਫ਼ਿਲਿੱਪੀਆਂ 4:13 | |
| f. ਪਰਮੇਸ਼ਰ ਦੀ ਸੁਰੱਖਿਆ | ਜ਼ਬੂਰ 91:1, | I ਕੁਰਿੰਥੀਆਂ 10:13 |

g. ਅਜਾਦੀ II ਕੁਰਿੰਥੀਆਂ 3:7

h. ਪ੍ਰੇਮ ਗਲਾਤੀਆਂ 5:22

i. ਸੁਰੱਖਿਆ ਕਹਾਉਤਾਂ 10:8

**ਸਹਾਇਕ**:

ਜੋ ਉਹ ਸਭ ਬਣਨ ਦੇ ਦੁਆਰਾ ਜਿਹੜਾ ਪਰਮੇਸ਼ਰ ਨੇ ਉਸ ਦੇ ਲਈ ਠਹਿਰਾਇਆ ਹੈ, ਆਪਣੇ ਪਤੀ ਦੀ ਉਹ ਸਭ ਬਣਨ ਵਿੱਚ ਮਦਦ ਕਰਦੀ ਹੈ ਜਿਹੜਾ ਪਰਮੇਸ਼ਰ ਨੇ ਉਸ ਦੇ ਲਈ ਠਹਿਰਾਇਆ ਹੈ।

ਸਹਾਇਕ:

ਤੁਹਾਡੇ ਵਿੱਚ ਵਿਸ਼ਵਾਸ ਕਰਦੀ ਹੈ

ਤੁਹਾਨੂੰ ਉਵੇਂ ਹੀ ਸਵੀਕਾਰ ਕਰਦੀ ਹੈ ਜਿਵੇਂ ਤੁਸੀਂ ਹੋ

ਤੁਹਾਨੂੰ ਸਮਝਦੀ ਹੈ

ਤੁਹਾਡੇ ਵਿੱਚ ਦਿਲਚਸਪੀ ਲੈਂਦੀ ਹੈ

ਤੁਹਾਡੀ ਮਦਦ ਕਰਦੀ ਹੈ

ਅਧੀਨਤਾ ਦਾ ਅਰਥ ਹੈ ਕਿਰਿਆਸ਼ੀਲ ਪ੍ਰੇਮ, ਇਹ ਤੁਹਾਡੇ ਪਤੀ ਨੂੰ ਸੁਨੇਹਾ ਦਿੰਦਾ ਹੈ ਕਿ ਉਹ ਬਹੁਤ ਮੁੱਲਵਾਨ ਹੈ ਅਤੇ ਉਸ ਦੀਆਂ ਲੋੜਾਂ ਤੁਹਾਡੀਆਂ ਲੋੜਾਂ ਨਾਲੋਂ ਵਧੇਰੇ ਮਹੱਤਵਪੂਰਨ ਹਨ।

## ਰੱਬੀ ਤਰਤੀਬ

"ਹਰੇਕ ਪੁਰਖ ਦਾ ਸਿਰ ਮਸੀਹ ਹੈ ਅਤੇ ਇਸਤਰੀ ਦਾ ਸਿਰ ਪੁਰਖ ਹੈ ਅਤੇ ਮਸੀਹ ਦਾ ਸਿਰ ਪਰਮੇਸ਼ਰ ਹੈ।"
I ਕੁਰਿੰਥੀਆਂ 11:3

ਮਸੀਹ, ਜੋ ਪਰਮੇਸ਼ਰ ਹੈ ਅਤੇ ਪਿਤਾ ਦੇ ਤੁੱਲ ਹੈ, ਪਿਤਾ ਦੀ ਅਧੀਨਤਾ ਵਿੱਚ ਹੈ। ਪੁਰਸ਼ ਉਨ੍ਹਾਂ ਦੇ ਅਧੀਨ ਹੈ ਜੋ ਉਸ ਦੇ ਉੱਤੇ ਅਧਿਕਾਰੀ ਹਨ: ਪਰਮੇਸ਼ਰ, ਅਤੇ ਲੋਕ (ਸਰਕਾਰ, ਪੁਲੀਸ, ਮਾਲਕ) ਹਾਲਾਂਕਿ ਸਾਰੇ ਪੁਰਸ਼ ਬਰਾਬਰ ਹਨ।

ਪਤਨੀ ਆਪਣੇ ਪਤੀ ਦੇ ਅਧੀਨ ਹੈ, ਹਾਲਾਂਕਿ ਉਹ ਉਸ ਦੇ ਬਰਾਬਰ ਹੈ। ਬੱਚੇ ਮਾਪਿਆਂ ਦੇ ਅਧੀਨ ਹਨ, ਹਾਲਾਂਕਿ ਉਹ ਉਨ੍ਹਾਂ ਤੋਂ ਘੱਟ ਮੁੱਲਵਾਨ ਨਹੀਂ ਹਨ। ਪਰਮੇਸ਼ਰ ਅਧਿਕਾਰ ਦੀ ਇਸ ਤਰਤੀਬ ਦੀ ਵਰਤੋਂ ਸੁਰੱਖਿਆ ਅਤੇ ਵਧ ਤੋਂ ਵਧ ਖੁਸ਼ੀ ਦੇਣ ਲਈ ਕਰਦਾ ਹੈ।

**ਅਧੀਨਤਾ:**

ਪਤਨੀ ਦੀ ਜਿੰਮੇਵਾਰੀ ਹੈ। ਅਫ਼ਸੀਆਂ 5:22,23
ਉਸ ਨੂੰ ਵਚਨ ਵਿੱਚ ਹੁਕਮ ਦਿੱਤਾ ਗਿਆ ਹੈ ਕਿ ਉਹ ਅਧੀਨਤਾ ਵਿੱਚ ਆਵੇ: I ਪਤਰਸ 3:1-6, I ਕੁਰਿੰਥੀਆਂ 11:3,8,9, I ਤਿਮੋਥਿਉਸ 2:11-12, ਤੀਤੁਸ 2:2-4, ਕੁਲੁੱਸੀਆਂ 3:17,18,23

ਜਦ ਤੁਸੀਂ ਸਵੈ-ਇੱਛਾ ਨਾਲ, ਪ੍ਰੇਮ ਨਾਲ ਆਪਣੇ ਪਤੀ ਦੀ ਅਧੀਨਤਾ ਵਿੱਚ ਆਉਂਦੇ ਹੋ, ਤਾਂ ਤੁਹਾਡਾ ਪ੍ਰੇਮੀ ਅਤੇ ਕੋਮਲ ਸੁਭਾਓ ਤੁਹਾਡੇ ਪਤੀ ਨੂੰ ਪ੍ਰੇਰਣਾ ਦਿੰਦਾ ਹੈ ਕਿ ਉਹ ਤੁਹਾਡੇ ਨਾਲ ਕੋਮਲਤਾ ਨਾਲ ਵਿਹਾਰ ਕਰੇ, ਤੁਹਾਡੀ ਦੇਖਭਾਲ ਅਤੇ ਸੁਰੱਖਿਆ ਕਰੇ।

ਇਹ ਇੱਕ ਨਿਰਧਾਰਿਤ ਕੀਤੀ ਗਈ ਥਾਂ ਹੈ (ਇਹ ਤੁਹਾਥੋਂ ਜਬਰਦਸਤੀ ਨਹੀਂ ਕਰਵਾਇਆ ਜਾ ਰਿਹਾ ਹੈ ਪਰ ਇਹ ਇੱਕ ਚੋਣ ਹੈ ਜੋ ਤੁਸੀਂ ਕਰਦੇ ਹੋ – ਜਿਵੇਂ ਕਿ ਮਸੀਹ ਨੂੰ ਪ੍ਰਭੂ ਬਣਾਉਣ ਵੇਲੇ ਕਰਦੇ ਹੋ)।

ਵਚਨ ਦੱਸਦਾ ਹੈ ਕਿ ਪਤਨੀ ਦੀ ਅਧੀਨਤਾ ਲਗਾਤਾਰ ਚੱਲਣ ਵਾਲੀ ਜੀਵਨਸ਼ੈਲੀ ਹੈ। ਯੂਨਾਨੀ ਕਿਰਿਆ ਵਰਤਮਾਨ ਕਾਲ ਵਿੱਚ ਹੈ।

ਇਹ ਵਿਕਲਪ ਨਹੀਂ ਪਰ ਹੁਕਮ ਹੈ। ਯੂਨਾਨੀ ਕਿਰਿਆ ਆਦੇਸ਼ ਸੂਚਕ ਹੈ, ਇੱਕ ਹੁਕਮ ਹੈ।

ਤੁਹਾਡੀ ਅਧੀਨਤਾ ਤੁਹਾਡੇ ਪਤੀ ਦੇ ਤੁਹਾਡੇ ਪ੍ਰਤੀ ਵਿਹਾਰ, ਉਸ ਦੀਆਂ ਯੋਗਤਾਵਾਂ, ਪ੍ਰਤਿਭਾਵਾਂ, ਬੁੱਧੀ, ਸਿੱਖਿਆ ਜਾਂ ਆਤਮਕ ਅਵਸਥਾ ਉੱਤੇ ਨਿਰਭਰ ਨਹੀਂ ਕਰਦੀ।

ਅਧੀਨਤਾ ਇੱਕ ਆਤਮਕ ਮਸਲਾ ਹੈ, ਇਹ "ਐਵੇਂ ਹੋਣਾ ਚਾਹੀਦਾ ਹੈ ਜਿਵੇਂ ਪ੍ਰਭੂ ਦੇ ਪ੍ਰਤੀ।" ਇਸ ਕਰਕੇ ਪਤੀ ਦੀ ਅਧੀਨਤਾ ਵਿੱਚ ਨਾ ਆਉਣਾ ਪਰਮੇਸ਼ਰ ਦੇ ਵਿਰੁੱਧ ਵਿਦ੍ਰੋਹ ਕਰਨਾ ਹੈ।

ਪਤੀ ਦੇ ਪ੍ਰਤੀ ਅਧੀਨਤਾ ਪਤਨੀ ਦੇ ਪਰਮੇਸ਼ਰ ਦੇ ਲਈ ਪ੍ਰੇਮ ਦੀ ਇੱਕ ਪਰਖ ਹੈ। ਕੁਲੁੱਸੀਆਂ 3:17
ਅਧੀਨਤਾ ਦਾ ਅਰਥ ਹੈ ਕਿ ਪਤਨੀ ਆਪਣੀਆਂ ਸਾਰੀਆਂ ਪ੍ਰਤਿਭਾਵਾਂ, ਯੋਗਤਾਵਾਂ, ਸੰਸਾਧਨਾਂ, ਊਰਜਾ ਨੂੰ ਆਪਣੇ ਪਤੀ ਦੇ ਸਾਹਮਣੇ ਰੱਖ ਦਿੰਦੀ ਹੈ। ਪਤਨੀ ਆਪਣੀਆਂ ਸਾਰੀਆਂ ਯੋਗਤਾਵਾਂ ਨੂੰ ਆਪਣੇ ਪਤੀ ਦੀ ਅਧੀਨਤਾ ਵਿੱਚ ਲੈ ਆਉਂਦੀ ਹੈ ਅਤੇ ਉਨ੍ਹਾਂ ਦੀ ਵਰਤੋਂ ਆਪਣੇ ਪਤੀ ਅਤੇ ਆਪਣੇ ਪਰਿਵਾਰ ਦੀ ਭਲਿਆਈ ਲਈ ਕਰਦੀ ਹੈ। ਉਹ ਆਪਣੇ ਪਤੀ ਦੀ ਟੀਮ ਦੀ ਮੈਂਬਰ ਹੈ ਅਤੇ ਇੱਕੋ ਟੀਚੇ ਦੀ ਪ੍ਰਾਪਤੀ ਲਈ ਸੰਘਰਸ਼ ਕਰ ਰਹੀ ਹੈ।

## ਸਹਾਇਕ

ਸਹਾਇਕ:

ਉਸ ਵਿੱਚ ਵਿਸ਼ਵਾਸ ਕਰਦੀ ਹੈ / ਉਸ ਨੂੰ ਉਵੇਂ ਹੀ ਸਵੀਕਾਰ ਕਰਦੀ ਹੈ ਜਿਵੇਂ ਉਹ ਹੈ / ਉਸ ਨੂੰ ਸਮਝਦੀ ਹੈ / ਉਸ ਵਿੱਚ ਦਿਲਚਸਪੀ ਲੈਂਦੀ ਹੈ

ਸਹਾਇਕ: **ਤਾਲੇ** ਦੀ **ਚਾਬੀ** ਹੈ, **ਕੈਮਰੇ** ਦੀ **ਫਿਲਮ** ਹੈ

ਪਤਨੀ ਹੋਣ ਦੇ ਨਾਤੇ: ਤੁਹਾਡੇ ਲਈ ਪਰਮੇਸ਼ਰ ਦੀ ਜੋ ਯੋਜਨਾ ਅਤੇ ਉਦੇਸ਼ ਹੈ, ਉਸ ਦੀ ਪੂਰਤੀ ਪਹਿਲਾਂ ਤੁਹਾਡੇ ਪਤੀ ਲਈ ਹੋਣੀ ਚਾਹੀਦੀ ਹੈ। । ਕੁਰਿੰਥੀਆਂ 11:9 ਯਿਸੂ ਸਾਡਾ ਆਦਰਸ਼ ਹੈ। ਫ਼ਿਲਿੱਪੀਆਂ 2:1-7

ਉਹ ਤਰੀਕੇ ਜਿਨ੍ਹਾਂ ਰਾਹੀ ਪਤਨੀ ਆਪਣੇ ਪਤੀ ਦੀ "**ਸਹਾਇਤਾ**" ਕਰ ਸਕਦੀ ਹੈ। ਕਹਾਉਤਾਂ 31:11,12

1. ਘਰ ਨੂੰ ਇੱਕ ਸੁਰਖਿਅਤ ਥਾਂ, ਉਤਸ਼ਾਹ, ਤਸੱਲੀ ਅਤੇ ਸਮਝ ਦਾ ਥਾਂ, ਸ਼ਰਣ ਦਾ ਥਾਂ ਬਣਾਓ।
2. ਭਰੋਸੇਮੰਦ ਅਤੇ ਭਰੋਸੇਯੋਗ ਬਣੋ। ਕਹਾਉਤਾਂ 31:11,12
3. ਚੰਗਾ ਵਿਹਾਰ ਬਣਾਈ ਰੱਖੋ। ਫ਼ਿਲਿੱਪੀਆਂ 4:5-8
4. ਸਾਰੀਆਂ ਗੱਲਾਂ ਪਿਆਰ ਨਾਲ, ਖੁਲ੍ਹ ਕੇ ਅਤੇ ਇਮਾਨਦਾਰੀ ਨਾਲ ਕਰੋ। ਕਹਾਉਤਾਂ 12:14
5. ਆਪਣੀ ਪਦਵੀ, ਅਧਿਕਾਰਾਂ ਅਤੇ ਕੰਮਾਂ ਵਿੱਚ ਸੰਤੋਖ ਕਰੋ। ਫ਼ਿਲਿੱਪੀਆਂ 4:1113
6. ਧੀਰਜਵਾਨ, ਮਾਫੀ ਦੇਣ ਵਾਲੀ ਅਤੇ ਸਹਿਣ ਕਰਨ ਵਾਲੀ ਬਣੋ। ਅਫ਼ਸੀਆਂ 4:2,3,31,32
7. ਉਸ ਦੀਆਂ ਸਮੱਸਿਆਵਾਂ, ਚਿੰਤਾਵਾਂ, ਕੰਮ ਅਤੇ ਸ਼ੌਂਕਾਂ ਵਿੱਚ ਦਿਲਚਸਪੀ ਦਿਖਾਓ।
8. ਮਿਹਨਤੀ, ਸਰਫਾ ਕਰਨ ਵਾਲੀ ਅਤੇ ਉੱਦਮੀ ਬਣੋ। ਕਹਾਉਤਾਂ 31:12,22,19,24
9. ਪ੍ਰੇਮ ਪੂਰਬਕ ਤਰੀਕੇ ਨਾਲ ਸੁਝਾਓ ਅਤੇ ਸਲਾਹ ਦਓ ਅਤੇ ਸੁਧਾਰ ਕਰੋ। ਕਹਾਉਤਾਂ 31:26
10. ਆਪਣੇ ਆਪ ਨੂੰ ਆਕਰਸ਼ਕ ਬਣਾਈ ਰੱਖੋ ਅਤੇ ਅੰਦਰੂਨੀ ਸੁੰਦਰਤਾ ਨੂੰ ਕਾਇਮ ਰੱਖੋ। ਕਹਾਉਤਾਂ 31:30
11. ਇੱਕ ਤੰਦਰੁਸਤ ਆਤਮਕ ਜੀਵਨ ਬਣਾਈ ਰੱਖੋ
12. ਬੱਚਿਆਂ ਦੇ ਪਾਲਣ-ਪੋਸ਼ਣ ਵਿੱਚ ਉਸ ਦਾ ਸਹਿਯੋਗ ਕਰੋ। ਕਹਾਉਤਾਂ 31:28
13. ਬੱਚਿਆਂ ਅਤੇ ਦੂਜਿਆਂ ਦੇ ਅੰਦਰ ਉਸ ਦੇ ਪ੍ਰਤੀ ਵਫ਼ਾਦਾਰੀ ਨੂੰ ਵਿਕਸਿਤ ਕਰੋ। ਪਤੀ ਦੇ ਪ੍ਰਤੀ ਪਤਨੀ ਦਾ ਸੁਭਾਓ ਅਕਸਰ ਬੱਚੇ ਫੜ ਲੈਂਦੇ ਹਨ।
14. ਸੁਕਰਗੁਜਾਰ ਹਣੋ। ਕਹਾਉਤਾਂ 31:20,27
15. ਉਸ ਦੇ ਫੈਸਲਿਆਂ ਵਿੱਚ ਵਿਸ਼ਵਾਸ ਦਿਖਾਓ। ਕਹਾਉਤਾਂ 31:23,25

ਇਸ ਤੋਂ ਤੁਹਾਡੇ ਪਤੀ ਨੂੰ ਸੁਨੇਹਾ ਮਿਲਦਾ ਹੈ ਕਿ ਉਹ ਵਧੇਰੇ ਮੁੱਲਵਾਨ ਹੈ ਅਤੇ ਉਸ ਦੀਆਂ ਲੋੜਾਂ ਤੁਹਾਡੇ ਨਾਲੋਂ ਵਧੇਰੇ ਮਹੱਤਵਪੂਰਨ ਹਨ।

**ਸਹਾਇਕ**

| | **ਬੁੱਧੀਮਾਨ** | **ਮੂਰਖ** |
|---|---|---|
| 1. | ਸਹਿਯੋਗੀ | ਵਿਰੋਧੀ |
| 2. | ਪੂਰਕ | ਪ੍ਰਤੀਯੋਗੀ |
| 3. | ਢਾਲ ਲੈਂਦੀ ਹੈ | ਸੁਆਰਥੀ |
| 4. | ਰੱਖਿਅਕ | ਪੋਲ ਖੋਲ੍ਹਦੀ ਹੈ |
| 5. | ਸਮਰਥਕ | ਪਰੇਸ਼ਾਨ ਕਰਦੀ ਹੈ |

ਅਧੀਨਤਾ ਦਾ ਅਰਥ ਦੇਣਾ ਹੈ:
ਅਧੀਨਤਾ ਦੇ ਸੰਬੰਧ ਵਿੱਚ ਮੇਰਾ ਪ੍ਰਸ਼ਨ ਹੈ “ਤੁਹਾਡੀਆਂ ਇੱਛਾਵਾਂ, ਜ਼ਰੂਰਤਾਂ ਕੀ ਹਨ ਅਤੇ ਮੈਂ ਤੁਹਾਡੀ ਸੇਵਾ ਕਿਵੇਂ ਕਰ ਸਕਦੀ ਹਾਂ?”

**ਜਦ** ਪਤੀ ਆਪਣੀ ਪਤਨੀ ਦੇ ਜੀਵਨ ਦੇ ਕੇਂਦਰ ਵਿੱਚ ਹੁੰਦਾ ਹੈ, ਤਾਂ ਸ਼ਾਇਦ ਹੀ ਉਹ ਕਿਸੇ ਹੋਰ ਇਸਤਰੀ ਵੱਲ ਵੇਖੇ। ਬਹੁਤ ਘੱਟ ਅਜਿਹਾ ਹੁੰਦਾ ਹੈ ਕਿ ਪੁਰਸ਼ ਵੱਲੋਂ ਧੋਖਾ ਦਿੱਤੇ ਜਾਣ ਦਾ ਮੁੱਖ ਕਾਰਨ ਸੈਕਸ ਹੁੰਦਾ ਹੈ। ਉਹ ਤਾਂ ਦਰਅਸਲ ਅਜਿਹੀ ਇਸਤਰੀ ਨੂੰ ਭਾਲਦਾ ਹੈ, ਜਿਹੜੀ #1 ਉਸ ਨੂੰ ਉਵੇਂ ਸਵੀਕਾਰ ਕਰੇ ਜਿਵੇਂ ਉਹ ਹੈ, #2 ਉਸ ਨੂੰ ਪਸੰਦ ਕਰੇ #3 ਉਸ ਦੀ ਲੋੜ ਮਹਿਸੂਸ ਕਰੇ ਅਤੇ #4 ਆਪਣੇ ਜੀਵਨ ਵਿੱਚ ਉਸ ਨੂੰ ਪਹਿਲੀ ਥਾਂ ਦਵੇ।

## ਪਤਨੀ ਦੇ ਜੀਵਨ ਵਿੱਚ ਉਸ ਦੀ ਪ੍ਰਾਥਮਿਕ ਸੇਵਾ ਉਸ ਦੇ ਪਤੀ ਲਈ ਹੈ

1. ਪਰਮੇਸ਼ਰ ਨੇ ਇਸਤਰੀ ਨੂੰ ਪੁਰਸ਼ ਦੀ ਸਹਾਇਕ ਬਣਾਇਆ ਸੀ: ਇਸਤਰੀ ਦੇ ਬਿਨਾਂ ਪੁਰਸ਼ ਅਧੂਰਾ ਸੀ। ਉਤਪਤ 2:18
2. ਪਰਮੇਸ਼ਰ ਨੇ ਉਸ ਨੂੰ ਇੱਕ ਢੁਕਵਾਂ ਸਹਾਇਕ ਬਣਾਇਆ ਸੀ: ਅਫ਼ਸੀਆਂ 5:22, I ਪਤਰਸ 3:1
3. ਉਸ ਨੂੰ ਪੁਰਸ਼ ਦੇ ਨਾਲ ਸਹਿਯੋਗ ਕਰਨ ਲਈ ਬਣਾਇਆ ਗਿਆ ਸੀ: ਉਹ ਉਸ ਦੀ ਪੂਰਕ ਹੈ, ਜਿਵੇਂ ਕਿ ਤਾਲੇ ਲਈ ਚਾਬੀ ਅਤੇ ਕੈਮਰੇ ਲਈ ਫਿਲਮ – ਅਟੁੱਟ।
4. ਪਤਨੀ ਨੂੰ ਆਪਣੇ ਪਤੀ ਦੀਆਂ ਜ਼ਰੂਰਤਾਂ, ਕਮੀਆਂ ਅਤੇ ਘਟੀਆਂ ਦੀ ਪੂਰਤੀ ਕਰਨ ਲਈ ਬਣਾਇਆ ਗਿਆ ਸੀ। “ਉਮਰ ਭਰ ਉਹ ਉਸ ਦੇ ਨਾਲ **ਭਲਿਆਈ** ਹੀ ਕਰੇਗੀ, ਬੁਰਿਆਈ ਨਹੀਂ।” ਕਹਾਉਤਾਂ 31:12

ਉਹ ਅਜਿਹਾ ਕਦੇ ਨਹੀਂ ਕਰ ਸਕਦੀ ਸੀ ਕਿ ਜਿਸ ਤੋਂ ਉਸ ਦੇ ਪਤੀ ਨੂੰ ਨੁਕਸਾਨ ਪੁੱਜੇ ਜਾਂ ਉਸ ਦੇ ਪਤੀ ਲਈ ਉਸ ਦੀ ਸੇਵਕਾਈ ਨੁਕਸਾਨੀ ਜਾਏ।

ਪਤੀ ਦੀਆਂ ਸੱਤ ਬੁਨਿਆਦੀ ਜ਼ਰੂਰਤਾਂ / ਵਿਆਹ ਦੀ ਉਸਾਰੀ ਕਰਨ ਵਾਲੀਆਂ ਇੱਟਾਂ

1. ਪਤੀ ਅਜਿਹੀ ਪਤਨੀ ਚਾਹੁੰਦਾ ਹੈ ਜੋ ਉਸ ਦਾ ਪੁਰਸ਼ ਵਜੋਂ ਆਦਰ ਕਰੇ।
2. ਪਤੀ ਅਜਿਹੀ ਪਤਨੀ ਚਾਹੁੰਦਾ ਹੈ ਜੋ ਉਸ ਨੂੰ ਇੱਕ ਆਗੂ ਵਜੋਂ ਸਵੀਕਾਰ ਕਰੇ।
3. ਪਤੀ ਅਜਿਹੀ ਪਤਨੀ ਚਾਹੁੰਦਾ ਹੈ ਜੋ ਉਸ ਸਭ ਦੇ ਲਈ ਸ਼ੁਕਰਗੁਜਾਰ ਹੋਵੇ ਜੋ ਪਤੀ ਨੇ ਉਸ ਦੇ ਲਈ ਕੀਤਾ ਹੈ ਅਤੇ ਕਰ ਰਿਹਾ ਹੈ।
4. ਪਤੀ ਅਜਿਹੀ ਪਤਨੀ ਚਾਹੁੰਦਾ ਹੈ ਜੋ ਆਪਣੇ ਚਰਿੱਤਰ ਅਤੇ ਭਲੇ ਕੰਮਾਂ ਲਈ ਲੋਕਾਂ ਦੀ ਸ਼ਲਾਘਾ ਪ੍ਰਾਪਤ ਕਰੇ।
5. ਪਤੀ ਅਜਿਹੀ ਪਤਨੀ ਚਾਹੁੰਦਾ ਹੈ ਜੋ ਅੰਦਰੂਨੀ ਅਤੇ ਬਾਹਰੀ ਸੁੰਦਰਤਾ ਨੂੰ ਲਗਾਤਾਰ ਵਧਾਉਂਦੀ ਜਾਵੇ।
6. ਪਤੀ ਅਜਿਹੀ ਪਤਨੀ ਚਾਹੁੰਦਾ ਹੈ ਜੋ ਉਸ ਦੇ ਨਾਲ ਪਿਆਰ ਨਾਲ ਗੱਲ ਕਰੇ।
7. ਪਤੀ ਅਜਿਹੀ ਪਤਨੀ ਚਾਹੁੰਦਾ ਹੈ ਜੋ ਉਸ ਦੇ ਲਈ ਸਭ ਪ੍ਰਬੰਧ ਕਰੇ ਅਤੇ ਪਰਮੇਸ਼ਰ ਦੇ ਨਾਲ ਉਸ ਨੂੰ ਸਮਾਂ ਬਿਤਾਉਣ ਦਵੇ।

## ਸਰਬਉੱਤਮ

ਅਸੀਸ ਦਓ ਉਸਾਰੀ ਕਰੋ ਵੰਡੋ ਛੂਹੋ

ਸਰਬਉੱਤਮ ਵਿਆਹੁਤਾ ਸੰਬੰਧ ਲਈ ਸੁਝਾਅ:

**ਅਸੀਸ** (ਇਯੁਲੋਗਿਆ)- ਇਯੁ "ਚੰਗਾ" ਲੋਗੋਸ "ਵਚਨ" ਕਹਾਉਤਾਂ 18:20,21

1. ਆਪਣੇ ਜੀਵਨਸਾਥੀ ਨੂੰ ਅਸੀਸ ਦੇਣ ਦਾ ਪਹਿਲਾ ਤਰੀਕਾ ਹੈ ਕਿ ਉਸ ਬਾਰੇ ਚੰਗਾ ਬੋਲੋ ਅਤੇ ਚੰਗੇ ਸ਼ਬਦਾਂ ਨਾਲ ਉਸ ਨੂੰ ਜਵਾਬ ਦਓ। ਅਫ਼ਸੀਆਂ 4:29 ਕਹਾਉਤਾਂ 16:24

ਕਹਾਉਤਾਂ 31:26 ਵਿਚਲੀ ਇਸਤਰੀ ਵਡਿਆਈ ਇਸ ਕਰਕੇ ਪ੍ਰਾਪਤ ਕਰਦੀ ਹੈ ਕਿਉਂਕਿ ਉਹ ਬੁੱਧੀ ਦੇ ਨਾਲ ਆਪਣਾ ਮੂੰਹ ਖੋਲ੍ਹਦੀ ਹੈ ਅਤੇ ਕਿਰਪਾਲਤਾ ਦੇ ਸ਼ਬਦ ਉਸ ਦੇ ਬੁੱਲਾਂ ਤੇ ਰਹਿੰਦੇ ਹਨ।

ਤੁਸੀਂ ਆਪਣੇ ਜੀਵਨਸਾਥੀ ਨੂੰ ਜੋ ਸ਼ਬਦ ਬੋਲਦੇ ਹੋ ਉਨ੍ਹਾਂ ਦੇ ਦੁਆਰਾ ਆਪਣੇ ਵਿਆਹੁਤਾ ਜੀਵਨ ਨੂੰ **ਅਸੀਸ** ਦੇਣ ਦੀ ਸ਼ਕਤੀ ਤੁਹਾਡੇ ਕੋਲ ਹੈ। ਤੁਸੀਂ ਇਹ ਸਿੱਖਣ ਦੇ ਦੁਆਰਾ, ਕਿ ਕਦੋਂ ਚੁੱਪ ਰਹਿਣਾ ਹੈ, ਵੀ ਅਸੀਸ ਬਣ ਸਕਦੀ ਹੋ। ਕਹਾਉਤਾਂ 13:3

2. ਤੁਸੀਂ ਕੁਝ ਵਿਹਾਰਕ ਗੱਲਾਂ ਦੁਆਰਾ ਵੀ ਉਸ ਦੇ ਲਈ ਅਸੀਸ ਬਣ ਸਕਦੀ ਹੋ, ਜਿਵੇਂ ਕਿ ਕਿਰਪਾਲਤਾ ਦੇ ਕੰਮ।
3. ਬੋਲ ਕੇ ਧੰਨਵਾਦ ਅਤੇ ਸ਼ਲਾਘਾ ਕਰ ਕੇ।
4. ਪ੍ਰਾਰਥਨਾ ਦੁਆਰਾ ਪਰਮੇਸ਼ਰ ਦੀ ਕਿਰਪਾ ਨੂੰ ਮੰਗ ਕੇ ਵੀ ਤੁਸੀਂ ਅਸੀਸ ਦੇ ਸਕਦੀ ਹੋ। ਲੂਕਾ 6:27,28,35

ਚੰਗੇ ਸ਼ਬਦ ਕਿਰਪਾਲਤਾ ਦੇ ਕੰਮ ਧੰਨਵਾਦੀ ਸ਼ਲਾਘਾ ਪ੍ਰਾਰਥਨਾ

## ਉਸਾਰੀ ਕਰੋ

ਆਪਣੇ ਪਤੀ ਦੀ ਸ਼ਖਸੀਅਤ ਦੇ ਹਰੇਕ ਖੇਤਰ ਵਿੱਚ ਆਪਣੇ ਪਤੀ ਦੀ ਉਸਾਰੀ ਕਰੋ, ਜਿੰਦਗੀ ਦੇ ਹਰੇਕ ਖੇਤਰ ਵਿੱਚ ਉਸ ਦਾ ਹੌਂਸਲਾ ਵਧਾਓ, ਉਸ ਦੇ ਆਤਮ-ਮੁੱਲ ਦੀ ਭਾਵਨਾ ਨੂੰ ਵਧਾਓ।

ਉਸਾਰੀ ਕਰਨ ਦਾ ਇੱਕ ਨਤੀਜਾ ਇਹ ਹੈ ਕਿ ਉਸ ਦੇ ਪ੍ਰੇਮ ਕਰਨ ਅਤੇ ਆਪਣੇ ਆਪ ਨੂੰ ਦੇਣ ਦੀ ਕਾਬਲੀਅਤ ਵਿੱਚ ਵਾਧਾ ਹੋਵੇਗਾ।

ਉਸਾਰੀ ਕਰਨ ਦਾ ਅਰਥ ਹੈ ਨਿੱਜੀ ਤੌਰ ਤੇ ਉਤਸ਼ਾਹ ਦੇਣਾ, ਅੰਦਰੋਂ ਤਾਕਤ ਦੇਣਾ ਅਤੇ ਦੋ ਲੋਕਾਂ ਵਿਚਕਾਰ ਸ਼ਾਂਤੀ ਅਤੇ ਤਾਲਮੇਲ ਸਥਾਪਿਤ ਕਰਨਾ।

"ਸੋ ਚੱਲੋ ਅਸੀਂ ਓਹਨਾਂ ਗੱਲਾਂ ਦਾ ਪਿੱਛਾ ਕਰੀਏ ਜਿਨ੍ਹਾਂ ਤੋਂ ਮਿਲਾਪ ਅਤੇ ਇੱਕ ਦੂਏ ਦੀ ਤਰੱਕੀ (ਉਸਾਰੀ ਅਤੇ ਵਿਕਾਸ) ਹੋਵੇ। ਰੋਮੀਆਂ 14:19

"ਸਾਡੇ ਵਿੱਚੋਂ ਹਰੇਕ ਆਪਣੇ ਗੁਆਂਢੀ ਨੂੰ ਉਹ ਦੀ ਭਲਿਆਈ ਲਈ ਰਿਝਾਏ (ਖੁਸ਼ ਕਰੇ) ਭਈ ਉਹ ਦੀ ਤਰੱਕੀ ਹੋਵੇ।" ਰੋਮੀਆਂ 15:2

ਪਤੀ ਆਪਣੀ ਪਤਨੀ ਦੀ ਵਡਿਆਈ ਕਰਨ ਦੇ ਦੁਆਰਾ ਉਸ ਦੀ ਉਸਾਰੀ ਕਰਦਾ ਹੈ।
ਪਤਨੀ ਆਪਣੇ ਪਤੀ ਨੂੰ ਪਿਆਰ ਕਰਨ ਦੇ ਦੁਆਰਾ ਉਸ ਦੀ ਉਸਾਰੀ ਕਰਦੀ ਹੈ।

ਉਸਾਰੀ ਮਜਬੂਤ ਬਣਾਉਂਦੀ ਹੈ ਕਮਜੋਰ **ਕਦੇ ਨਹੀਂ** ਕਰਦੀ!!!

ਫ਼ਿਲਿੱਪੀਆਂ 4:8 ਆਪਣੇ ਪਤੀ ਵਿੱਚ ਜਿਹੜੀਆਂ ਗੱਲਾਂ ਤੁਹਾਨੂੰ ਆਕਰਸ਼ਕ ਲੱਗਦੀਆਂ ਹਨ ਉਨ੍ਹਾਂ ਬਾਰੇ ਅਤੇ ਆਪਣੇ ਪਤੀ ਦੇ ਸਾਰੇ ਚੰਗੇ ਗੁਣਾਂ ਬਾਰੇ ਸੋਚਣ ਨਾਲ ਅਰੰਭ ਕਰੋ।

ਤੁਹਾਡੇ ਸ਼ਬਦ ਇਸ ਆਇਤ ਦੇ ਪ੍ਰਭਾਵ ਹੇਠ ਰਹਿਣ।

ਮੈਂ ਆਪਣੇ ਪਤੀ ਨੂੰ ਅਜਿਹਾ ਕੀ ਆਖ ਸਕਦੀ ਹਾਂ ਜਿਹੜਾ ਉਸ ਦੀ ਉਸਾਰੀ ਕਰੇ, ਉਸ ਨੂੰ ਮਜਬੂਤ ਬਣਾਏ, ਉਸ ਨੂੰ ਉਤਸ਼ਾਹ ਦਵੇ, ਬਲ ਦਵੇ ਅਤੇ ਸ਼ਾਂਤੀ ਲਿਆਵੇ।

ਪਤੀ ਅਤੇ ਪਤਨੀ ਦੋਹਾਂ ਨੂੰ ਸ਼ਬਦਾਂ ਦੇ ਦੁਆਰਾ ਉਤਸ਼ਾਹਤ ਕੀਤੇ ਜਾਣ ਦੀ ਬਹੁਤ ਜਿਆਦਾ ਲੋੜ ਹੈ, ਪੂਰਾ ਧਿਆਨ ਦੇਣ ਦੁਆਰਾ ਅਤੇ ਅੱਖਾਂ ਵਿੱਚ ਅੱਖਾਂ ਪਾ ਕੇ ਵੇਖਣ ਦੁਆਰਾ ਅਤੇ ਪ੍ਰੇਮ ਪੂਰਬਕ ਛੋਹ ਦੁਆਰਾ।

**ਉਸਾਰੀ ਕਰਨ ਲਈ ਯੂਨਾਨੀ ਸ਼ਬਦ - ਓਇਕੋਡੋਮਿਓ - ਓਇਕੋਸ "ਪਰਵਿਰ, ਘਰ, ਮਕਾਨ" ਅਤੇ ਡੋਮੋ "ਬਣਾਉਣਾ।" ਜਦ ਤੁਸੀਂ ਇੱਕ ਦੂਜੇ ਦੀ ਉਸਾਰੀ ਕਰ ਰਹੇ ਹੋ ਅਤੇ ਇੱਕ ਦੂਜੇ ਨੂੰ ਮਜਬੂਤ ਬਣਾ ਰਹੇ ਹੋ, ਤਾਂ ਤੁਸੀਂ ਮਿਲ ਕੇ ਇੱਕ ਘਰ ਦਾ ਉਸਾਰੀ ਵੀ ਕਰ ਰਹੇ ਹੋ।**

## ਵੰਡੋ

ਵੰਡਣਾ ਜੀਵਨ ਦੇ ਹਰੇਕ ਖੇਤਰ ਵਿੱਚ ਹੋਣਾ ਚਾਹੀਦਾ ਹੈ – ਤੁਹਾਡਾ ਸਮਾਂ, ਗਤੀਵਿਧੀਆਂ, ਦਿਲਚਸਪੀਆਂ, ਅਤੇ ਚਿੰਤਾਵਾਂ, ਵਿਚਾਰ, ਅੰਦਰੂਨੀ ਵਿਚਾਰ, ਆਤਮਕ ਜੀਵਨ, ਪਰਿਵਾਰਿਕ ਮਕਸਦ ਅਤੇ ਟੀਚੇ।

ਵੰਡਿਆ ਗਿਆ ਸਮਾਂ, ਵੰਡੀਆਂ ਗਈਆਂ ਗਤੀਵਿਧੀਆਂ, ਵੰਡੀਆਂ ਗਈਆਂ ਦਿਲਚਸਪੀਆਂ ਅਤੇ ਵੰਡੇ ਗਏ ਤਜਰਬੇ ਸਾਨੂੰ ਵੰਡੇ ਗਏ ਜਜ਼ਬਾਤਾਂ ਅਤੇ ਵੰਡੇ ਗਏ ਭਰੋਸੇ ਵੱਲ ਲੈ ਜਾਂਦੇ ਹਨ।

ਜਦ ਤੁਸੀਂ ਆਪਣੇ ਜਜ਼ਬਾਤਾਂ ਨੂੰ ਵੰਡਦੇ ਹੋ, ਤਾਂ ਸਹੀ ਸਮੇਂ ਅਤੇ ਹਾਲਾਤਾਂ ਦੀ ਉਡੀਕ ਕਰੋ। ਆਪਣੇ ਜਜ਼ਬਾਤਾਂ ਨੂੰ ਜਿੰਨਾ ਹੋ ਸਕੇ ਤਰਕਸ਼ੀਲ ਰੀਤੀ ਨਾਲ ਪੇਸ਼ ਕਰੋ।

"ਜਜ਼ਬਾਤਾਂ ਅਤੇ ਤਸਵੀਰਾਂ" ਦੀ, ਪੁਰਸ਼ ਦੀ ਦਿਲਚਸਪੀ ਜਾਂ ਬੀਤੇ ਤਜਰਬਿਆਂ ਨਾਲ ਸੰਬੰਧਤ ਮਹਿਸੂਸ ਹੋ ਸਕਣ ਵਾਲੇ ਸ਼ਬਦਾਂ ਦੀ ਵਰਤੋਂ ਕਰਨ ਦਾ ਜਤਨ ਕਰੋ:

- ਮੈਨੂੰ ਮਹਿਸੂਸ ਹੁੰਦਾ ਹੈ ਕਿ ਮੈਂ 60 ਮਿੰਟ ਵਾਲੀ ਕੈਸਟ ਹਾਂ ਜਿਸ ਨੂੰ ਤੁਸੀਂ ਰਾਤ ਨੂੰ ਪਿਆਰ ਨਾਲ ਐਵੇਂ ਚਲਾਉਂਦੇ ਹੋ ਜਿਵੇਂ ਮੈਂ 10 ਮਿੰਟਾਂ ਵਾਲੀ ਕੈਸਟ ਹੋਵਾਂ।
- ਮੈਨੂੰ ਮਹਿਸੂਸ ਹੁੰਦਾ ਹੈ ਕਿ ਮੈਂ ਇੱਕ ਤੌਲੀਆ ਹਾਂ ਜਿਸ ਦੇ ਨਾਲ ਸਾਰੇ ਦਿਨ ਦੇ ਗੰਦੇ ਟਰਕ ਨੂੰ ਧੋ ਦਿੱਤਾ ਜਾਂਦਾ ਹੈ।

- ❖ ਮੈਨੂੰ ਮਹਿਸੂਸ ਹੁੰਦਾ ਹੈ ਕਿ ਮੈਂ ਮੈਕਡੋਨਲਡ ਦਾ ਅਜਿਹਾ ਬਰਗਰ ਹਾਂ ਜਿਸ ਨੂੰ ਪਏ ਨੂੰ 2 ਘੰਟੇ ਹੋ ਚੁੱਕੇ ਹਨ, ਉਹ ਠੰਡਾ ਹੋ ਗਿਆ ਹੈ।
- ❖ ਮੈਨੂੰ ਮਹਿਸੂਸ ਹੁੰਦਾ ਹੈ ਕਿ ਮੈਂ ਉਹ ਕੀੜਾ ਹਾਂ ਜਿਸ ਦੀ ਵਰਤੋਂ ਕਰਕੇ ਮੱਛੀ ਨੂੰ ਫੜਿਆ ਗਿਆ ਸੀ।
- ❖ ਮੈਨੂੰ ਮਹਿਸੂਸ ਹੁੰਦਾ ਹੈ ਕਿ ਮੈਂ ਗੋਲਫ ਦੀ ਉਹ ਗੇਂਦ ਹਾਂ ਜਿਸ ਦੇ ਨਾਲ ਇੱਕ ਪ੍ਰਤਿਯੋਗਿਤਾ ਜਿੱਤੀ ਗਈ, ਪਰ ਫਿਰ ਉਸ ਨੂੰ ਇੱਕ ਪਾਸੇ ਸੁੱਟ ਦਿੱਤਾ ਗਿਆ।

ਗੱਲਬਾਤ ਇੱਕ ਯੋਗਤਾ ਹੈ:

1. ਇਸ ਤਰ੍ਹਾਂ ਵੰਡਣ ਦੀ ਕਿ ਜੋ ਕੁਝ ਆਖਿਆ ਜਾ ਰਿਹਾ ਹੈ ਉਸ ਨੂੰ ਸਾਹਮਣੇ ਵਾਲਾ ਸਮਝ ਸਕੇ ਅਤੇ ਸਵੀਕਾਰ ਕਰ ਸਕੇ।
2. ਸੁਣਨ ਦੀ ਕਿ ਜੋ ਆਖਿਆ ਜਾ ਰਿਹਾ ਹੈ ਉਸ ਦੇ ਅਰਥ ਅਤੇ ਜਜ਼ਬਾਤ ਨੂੰ ਸਮਝਿਆ ਜਾ ਸਕੇ।

ਅਸੀਂ ਗੱਲਬਾਤ ਕਰਦੇ ਹਾਂ:

**ਸ਼ਬਦ 7%** **ਲਹਿਜਾ 38%** **ਸਰੀਰਕ ਹਾਵ-ਭਾਵ 55%**

## ਛੋਹ

ਛੋਹ ਸਾਨੂੰ ਦੱਸਦੀ ਹੈ ਕਿ ਸਾਡੀ ਚਿੰਤਾ ਕੀਤੀ ਜਾਂਦੀ ਹੈ, ਸਾਡੇ ਡਰਾਂ ਨੂੰ ਸ਼ਾਂਤ ਕਰਦਾ ਹੈ, ਦਰਦਾਂ ਨੂੰ ਆਰਾਮ ਦਿੰਦਾ ਹੈ, ਤਸੱਲੀ ਦਿੰਦਾ ਹੈ ਅਤੇ ਜਜ਼ਬਾਤੀ ਸੁਰੱਖਿਆ ਦੀ ਸੰਤੁਸ਼ਟੀ ਦਿੰਦਾ ਹੈ।

ਸਧਾਰਨ ਛੋਹ ਦੇ ਨਾਲ ਪਿਆਰ ਵੰਡਣ ਨਾਲ ਕਈ ਜਜ਼ਬਾਤੀ ਜ਼ਰੂਰਤਾਂ ਪੂਰੀਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਸੈਕਸ ਪੂਰਾ ਨਹੀਂ ਕਰ ਸਕਦਾ। ਇਸ ਵਿੱਚ ਕੋਈ ਹੈਰਾਨੀ ਨਹੀਂ ਹੈ ਕਿ ਤਜਰਬੇਕਾਰ ਲੋਕ ਮੰਨਦੇ ਹਨ ਕਿ ਸੈਕਸ ਦੇ ਪ੍ਰਤੀ ਸਾਡਾ ਅਤਿਅੰਤ ਖਿੱਚਾਓ ਦਰਅਸਲ ਸਾਡੀ ਡੂੰਘੀ, ਗਰਮਾਹਟ ਅਤੇ ਸੈਕਸਰਹਿਤ ਛੋਹ ਦੀ ਨੇੜਤਾ ਅਤੇ ਤਸੱਲੀ ਦੀ ਅਪੂਰਨ ਜ਼ਰੂਰਤ ਦਾ ਪ੍ਰਗਟੀਕਰਨ ਹੈ।

# ਉਸਾਰੀ ਕਰਨ ਦੇ ਨੌ ਤਰੀਕੇ

"ਜੀਵਨ ਨੂੰ ਪਿਆਰ ਕਰੋ" ਡਾ. ਐੱਡ ਵੀਟ

1. ਇੱਕ ਅਟੱਲ ਫੈਸਲਾ ਲੈ ਲਓ ਕਿ ਤੁਸੀਂ ਆਪਣੇ ਜੀਵਨਸਾਥੀ ਦੀ ਸ਼ਬਦਾਂ, ਵਿਚਾਰਾਂ ਜਾਂ ਕੰਮਾਂ ਵਿੱਚ ਕਦੇ ਆਲੋਚਨਾ ਨਹੀਂ ਕਰੋਗੇ। ਅਜਿਹਾ ਫੈਸਲਾ ਜਿਸ ਦੇ ਅਨੁਸਾਰ ਤੁਸੀਂ ਕੰਮ ਵੀ ਕਰੋਗੇ!

2. ਆਪਣੇ ਜੀਵਨਸਾਥੀ ਨੂੰ ਅਧਿਐਨ ਕਰੋ – ਉਨ੍ਹਾਂ ਖੇਤਰਾਂ ਬਾਰੇ ਸੰਵੇਦਨਸ਼ੀਲ ਹੋ ਜਾਓ ਜਿਨ੍ਹਾਂ ਬਾਰੇ ਤੁਹਾਡਾ ਜੀਵਨਸਾਥੀ ਕਮੀ ਮਹਿਸੂਸ ਕਰਦਾ ਹੈ ਅਤੇ ਉਸ ਵਿੱਚ ਉਸ ਦੀ ਉਸਾਰੀ ਕਰਨ ਦੇ ਤਰੀਕੇ ਸੋਚੋ।

3. ਰੋਜਾਨਾ ਉਨ੍ਹਾਂ ਸਕਾਰਾਤਮਕ ਗੁਣਾਂ ਅਤੇ ਵਿਹਾਰਾਂ ਬਾਰੇ ਸੋਚੋ ਜਿਨ੍ਹਾਂ ਨੂੰ ਤੁਸੀਂ ਆਪਣੇ ਜੀਵਨਸਾਥੀ ਵਿੱਚ ਪਸੰਦ ਕਰਦੇ ਹੋ।

4. ਨਿਰੰਤਰ ਬੋਲ ਕੇ ਉਸ ਦੀ ਸ਼ਲਾਘਾ ਅਤੇ ਪ੍ਰਸ਼ੰਸਾ ਕਰੋ। ਅਸਲ ਬਣੋ, ਖਾਸ ਤੌਰ ਤੇ ਗੱਲ ਕਰੋ, ਖੁਲ੍ਹੇ ਦਿਲ ਨਾਲ ਵਿਹਾਰ ਕਰੋ, ਸ਼ਬਦਾਂ ਨੂੰ "ਬੋਲ ਕੇ" ਉਸ ਦੀ ਉਸਾਰੀ ਕਰੋ।

5. ਉਸ ਨੂੰ ਦੱਸੋ ਕਿ ਤੁਸੀਂ ਉਸ ਦੇ ਕੰਮ ਦਾ ਸਤਿਕਾਰ ਕਰਦੇ ਹੋ।

6. ਆਪਣੇ ਪਤੀ ਨੂੰ ਦਰਸਾਓ ਕਿ ਤੁਹਾਡਾ ਪਤੀ ਤੁਹਾਡੇ ਲਈ ਸਭ ਤੋਂ ਮਹੱਤਵਪੂਰਨ ਵਿਅਕਤੀ ਹੈ – ਹਮੇਸ਼ਾ ਉਸ ਦੇ ਵਿਚਾਰਾਂ, ਮੁੱਲਾਂ ਅਤੇ ਫੈਸਲਿਆਂ ਦੀ ਭਾਲ ਕਰੋ।

7. ਸਰੀਰਕ ਅਤੇ ਮੌਖਿਕ ਤੌਰ ਤੇ ਜਵਾਬ ਦਓ।

8. ਹਮੇਸ਼ਾਂ ਇੱਕ ਦੂਜੇ ਦੇ ਲਈ ਬਹੁਤ ਜਿਆਦਾ ਕੋਮਲਤਾ ਦਰਸਾਓ।

9. ਪਤੀਓ ਆਪਣੀਆਂ ਪਤਨੀਆਂ ਦੀ ਨਿੱਜੀ ਤੌਰ ਤੇ ਅਤੇ ਸਭਨਾਂ ਦੇ ਸਾਹਮਣੇ ਸ਼ਲਾਘਾ ਕਰੋ।

I ਪਤਰਸ 3:9-12 ਰੋਮੀਆਂ 12:14-21

## 6 ਅੰਦਰੂਨੀ ਸੁੰਦਰਤਾ ਦੇ ਗੁਣ

1. ਹਿੰਮਤ:
ਆਸ ਨੂੰ ਤਿਆਗੇ ਬਿਨਾਂ ਇੱਕ ਮੁੱਲਵਾਨ ਟੀਚੇ ਨੂੰ ਪ੍ਰਾਪਤ ਕਰਨ ਦਾ ਅੰਦਰੂਨੀ ਸਮਰਪਣ।
ਜਦ ਕਿਸੇ ਇਸਤਰੀ ਦੀ ਬਿਹਤਰ ਵਿਆਹ ਦੀ ਆਸ ਖਤਮ ਹੋ ਜਾਂਦੀ ਹੈ, ਤਾਂ ਉਸ ਦੇ ਪ੍ਰਤੀ ਉਸ ਦੇ ਪਤੀ ਦਾ ਆਕਰਸ਼ਨ ਖਤਮ ਹੋ ਜਾਂਦਾ ਹੈ ਅਤੇ ਸੰਬੰਧ ਦਾ ਜੀਵਨ ਹੌਲੀ-ਹੌਲੀ ਘਟਦਾ ਜਾਂਦਾ ਹੈ।

ਹਿੰਮਤ ਨੂੰ ਵਧਾਉਣ ਦਾ ਪਹਿਲਾ ਕਦਮ ਹੈ ਵਧੇਰੇ ਸੰਤੁਸ਼ਟ ਸੰਬੰਧ ਨੂੰ ਕਿਰਿਆਸ਼ੀਲ ਰੀਤੀ ਨਾਲ ਪ੍ਰਾਪਤ ਕਰਨ ਲਈ ਸਮਰਪਣ ਕਰਨਾ।

ਦੂਜਾ ਕਦਮ ਹੈ ਦਬਾਓ ਨੂੰ ਸਹਿਣਾ। ਦਬਾਓ ਨੂੰ ਸਹਿਣ ਕਰਨ ਦਾ ਸਮਰਪਣ ਕਰੋ।

2. ਧੀਰਜ:
ਤਦ ਤੱਕ ਡਟੇ ਰਹੋ ਜਦ ਤੱਕ ਟੀਚਾ ਪ੍ਰਾਪਤ ਨਾ ਹੋ ਜਾਵੇ।

3. ਸ਼ੁਕਰਗੁਜਾਰੀ:

ਦੂਜਿਆਂ ਤੋਂ ਜੋ ਤੁਸੀਂ ਲਾਭ ਪ੍ਰਾਪਤ ਕੀਤੇ ਹਨ ਉਨ੍ਹਾਂ ਦੇ ਲਈ ਗੰਭੀਰਤਾ ਨਾਲ ਕੀਤੀ ਗਈ ਸ਼ਲਾਘਾ। ਉਹ ਜੋ ਹੈ ਅਤੇ ਜਿਵੇਂ ਦਾ ਹੈ ਉਸ ਦੇ ਲਈ ਸ਼ੁਕਰਗੁਜਾਰ ਹੋਵੋ।

ਅਪੇਖਿਆਵਾਂ ਤੁਹਾਡੇ ਵਿਆਹੁਤਾ ਜੀਵਨ ਦੇ ਲਈ ਵਿਨਾਸ਼ਕਾਰੀ ਤਾਕਤਾਂ ਹਨ।

4. ਸ਼ਾਂਤੀ:

ਅੰਦਰੂਨੀ ਸ਼ਾਂਤੀ ਜਿਹੜੀ ਤੁਹਾਡੀ ਮਦਦ ਕਰਦੀ ਹੈ ਕਿ ਤੁਸੀਂ ਤਣਾਅਭਰੇ ਹਾਲਾਤ ਵਿੱਚ ਬਿਨਾਂ ਡਰੇ ਸ਼ਾਂਤੀ ਦੇ ਨਾਲ ਪ੍ਰਤੀਉੱਤਰ ਦੇ ਸਕੋ।

ਜ਼ਰੂਰਤ ਨਾਲੋਂ ਜਿਆਦਾ ਪ੍ਰਤੀਕਿਰਿਆ ਕਰਨ ਦੇ ਆਪਣੇ ਝੁਕਾਅ ਉੱਤੇ ਕਾਬੂ ਰੱਖੋ, ਅਰਥਾਤ "ਨਿਮਰ ਅਤੇ ਸ਼ਾਂਤ ਆਤਮਾ।"

5. ਕੋਮਲਤਾ:

ਦੂਜੇ ਦੇ ਜਜ਼ਬਾਤਾਂ ਦਾ ਕੋਮਲਤਾ ਨਾਲ ਖਿਆਲ ਰੱਖਣਾ। ਜਿਸ ਨੂੰ ਅਸੀਂ ਵਧੇਰੇ ਮੁੱਲਵਾਨ ਮੰਨਦੇ ਹਾਂ, ਉਸ ਨੂੰ ਅਸੀਂ ਓਨਾ ਹੀ ਵਧੇਰੇ ਕੋਮਲਤਾ ਦੇ ਨਾਲ ਸੰਭਾਲਾਂਗੇ।

6. ਨਿਰਸੁਆਰਥ ਪ੍ਰੇਮ:

ਦੂਜੇ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਦੇ ਲਈ ਕੀਤਾ ਗਿਆ ਕੰਮ।

ਤਿੰਨ ਤਰ੍ਹਾਂ ਦਾ ਪ੍ਰੇਮ:

1. ਪ੍ਰੀਤ – ਇਸ ਗੱਲ ਤੇ ਅਧਾਰਿਤ ਹੈ ਕਿ ਕੋਈ ਸਾਡੀਆਂ ਜ਼ਰੂਰਤਾਂ ਨੂੰ ਪੂਰਾ ਕਰੇ ਜਾਂ ਸਾਡੀਆਂ ਉਮੀਦਾਂ ਦੇ ਅਨੁਸਾਰ ਜੀਉਂਦਾ ਹੈ।
2. ਕਾਮ – ਸਾਡੀ ਸੈਕਸ ਦੀ ਸੰਤੁਸ਼ਟੀ ਤੇ ਕੇਂਦਰਿਤ ਹੁੰਦਾ ਹੈ।
3. ਸੱਚਾ ਪਿਆਰ – ਦੂਜਿਆਂ ਦੀਆਂ ਜ਼ਰੂਰਤਾਂ ਦੀ ਭਾਲ ਕਰਦਾ ਹੈ ਅਤੇ ਉਨ੍ਹਾਂ ਨੂੰ ਪੂਰਾ ਕਰਨ ਦੇ ਮੌਕੇ ਭਾਲਦਾ ਹੈ।

- ❖ ਸੱਚਾ ਪਿਆਰ ਆਖਦਾ ਹੈ "ਮੈਨੂੰ ਤੁਹਾਡੀ ਜ਼ਰੂਰਤ ਦਿਖ ਰਹੀ ਹੈ, ਕਿਰਪਾ ਕਰਕੇ ਮੈਨੂੰ ਇਸ ਨੂੰ ਪੂਰਾ ਕਰ ਲੈਣ ਦਓ।" ਦੂਜੇ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਕੀਤਾ ਗਿਆ ਕੰਮ।

## ਵਿਆਹ ਲਈ ਲੋੜੀਂਦੇ ਗੁਣ

1. ਅਨੁਕੂਲਤਾ ਅਤੇ ਨਰਮੀ

ਬਦਲਾਓ ਦੇ ਅਨੁਸਾਰ ਢਲਣ ਦੀ ਯੋਗਤਾ

ਉਦਾਹਰਨ – ਦੋ ਨਦੀਆਂ ਤੇਜ ਵਹਾਓ ਦੇ ਨਾਲ ਗੱਜਦੀਆਂ ਹੋਈਆਂ ਇੱਕ ਦੂਜੇ ਵਿੱਚ ਮਿਲਦੀਆਂ ਹਨ, ਪਰ ਫਿਰ ਇਕੱਠੀਆਂ ਹੋ ਕੇ ਪਹਿਲਾਂ ਨਾਲੋਂ ਵਧੇਰੇ ਚੌੜੀ, ਡੂੰਘੀ ਅਤੇ ਵਧੇਰੇ ਸ਼ਕਤੀਸ਼ਾਲੀ ਨਦੀ ਦਾ ਨਿਰਮਾਣ ਕਰਦੀਆਂ ਹਨ।

2. ਹਮਦਰਦੀ

ਦੂਜੇ ਦੀਆਂ ਜ਼ਰੂਰਤਾਂ, ਦੁਖਾਂ ਅਤੇ ਇੱਛਾਵਾਂ ਦੇ ਪ੍ਰਤੀ ਸੰਵੇਦਨਸ਼ੀਲ ਹੋਣ ਦੀ ਯੋਗਤਾ, ਉਨ੍ਹਾਂ ਦੇ ਸੰਸਾਰ ਦਾ ਉਨ੍ਹਾਂ ਦੇ ਨਜ਼ਰਿਏ ਤੋਂ ਅਨੁਭਵ ਕਰਨਾ।

3. ਸਮੱਸਿਆਵਾਂ ਨੂੰ ਸੁਲਝਾਉਣ ਦੀ ਕਾਬਲੀਅਤ

ਆਪਣੇ ਜਜ਼ਬਾਤਾਂ ਨੂੰ ਸਵੀਕਾਰ ਕਰਨਾ, ਸੰਭਾਲਨਾ ਅਤੇ ਨਿਯੰਤ੍ਰਣ ਵਿੱਚ ਰੱਖਣਾ ਅਤੇ ਆਪਣੀਆਂ ਸਮੱਸਿਆਵਾਂ ਨੂੰ ਸਪਸ਼ਟ ਤੌਰ ਤੇ ਦੱਸਣਾ ਅਤੇ ਮਿਲ ਕੇ ਉਨ੍ਹਾਂ ਨੂੰ ਸੁਲਝਾਉਣਾ।

4. ਪ੍ਰੇਮ ਦੇਣ ਅਤੇ ਪ੍ਰਾਪਤ ਕਰਨ ਦੀ ਯੋਗਤਾ

ਸ਼ਬਦਾਂ ਨਾਲ, ਦ੍ਰਿਸ਼ ਅਤੇ ਸਰੀਰਕ ਰੂਪ ਵਿੱਚ ਪ੍ਰੇਮ ਨੂੰ ਉਵੇਂ ਸਵੀਕਾਰ ਕਰਨਾ ਜਿਵੇਂ ਇਹ ਦਿੱਤਾ ਗਿਆ ਹੈ।

5. ਜਜ਼ਬਾਤੀ ਸਥਿਰਤਾ

ਇੱਕਸਾਰ, ਭਰੋਸੇਯੋਗ ਜ਼ਜਬਾਤੀ ਪ੍ਰਤੀਉੱਤਰ।

6. ਦੰਪਤੀਆਂ ਵਿੱਚਕਾਰ ਸਮਾਨਤਾ

ਉਨ੍ਹਾਂ ਦੀਆਂ ਦਿਲਚਸਪੀਆਂ, ਪਸੰਦ, ਨਾਪਸੰਦ, ਮਿੱਤਰ, ਸਿੱਖਿਆ ਦਾ ਪੱਧਰ, ਧਰਮ ਅਤੇ ਸਭਿਆਚਾਰ।

7. ਗੱਲਬਾਤ

ਇੱਕ ਦੂਜੇ ਦੇ ਨਾਲ ਗੱਲਬਾਤ ਕਰਨ ਦੀ ਅਜਿਹੀ ਯੋਗਤਾ ਕਿ ਸਾਹਮਣੇ ਵਾਲਾ ਵਿਅਕਤੀ ਆਖੀ ਗਈ ਗੱਲ ਨੂੰ ਸਮਝ ਸਕੇ ਅਤੇ ਸਵੀਕਾਰ ਕਰ ਸਕੇ।

ਇਸ ਤਰ੍ਹਾਂ ਸੁਣਨਾ ਕਿ ਜੋ ਆਖਿਆ ਜਾ ਰਿਹਾ ਹੈ ਉਸ ਦੇ ਅਰਥ ਅਤੇ ਜਜ਼ਬਾਤ ਨੂੰ ਸਮਝਿਆ ਜਾ ਸਕੇ।

ਜਿਨ੍ਹਾਂ ਦੰਪਤੀਆਂ ਨੇ ਖੁਸ਼ ਵਿਆਹੁਤਾ ਜੀਵਨ ਦੀ ਗਵਾਹੀ ਦਿੱਤੀ ਹੈ, ਅਜਿਹਾ ਜਾਪਦਾ ਹੈ ਕਿ ਉਨ੍ਹਾਂ ਨੇ ਆਪਣੇ 'ਸੰਬੰਧ' ਨੂੰ ਵਿਕਸਿਤ ਕਰਨ ਵਿੱਚ ਮਿਹਨਤ ਕੀਤੀ ਹੈ। ਜਿਹੜੇ ਦੰਪਤੀ ਘੱਟ ਖੁਸ਼ ਹਨ, ਉਹ ਵਿਆਹੁਤਾ ਖੁਸ਼ੀ ਦੇ ਲਈ ਆਪਣੇ ਵਿਆਹ ਦੇ ਅਸਥਾਈ ਪੱਖਾਂ ਉੱਤੇ ਕੇਂਦਰਿਤ ਹੁੰਦੇ ਹਨ, ਜਿਵੇਂ ਕਿ ਮਕਾਨ, ਬੱਚੇ, ਜਾਂ ਸਮਾਜਕ ਜੀਵਨ।

## ਗੱਲਬਾਤ ਲਈ ਬੁਨਿਆਦੀ ਨਿਯਮ

1. ਗੱਲਬਾਤ ਦੀ ਉਸਾਰੀ ਕਰਨ ਲਈ ਕਦਮ:

ਸਿੱਖਣ ਵਾਲਾ ਸੁਭਾਓ ਬਣਾਈ ਰੱਖੋ ਕਹਾਉਤਾਂ 13:-18, 18:2, 25:12

ਸੰਵੇਦਨਸ਼ੀਲ / ਹਮਦਰਦ ਬਣੋ ਕਹਾਉਤਾਂ 12:25, 25:20 ਰੋਮੀਆਂ 12:15, 1 ਪਤਰਸ 3

ਸਕਾਰਾਤਮਕ ਬਣੋ ਕਹਾਉਤਾਂ 18:8, 20:19, 31:11, ਯਾਕੂਬ 4:11

ਉਪਰਬਧ ਰਹੋ

ਦਿਲਚਸਪੀ ਬਣਾਈ ਰੱਖੋ ਕਹਾਉਤਾਂ 15:14, 18:15

ਸੁਣਨਾ ਸਿੱਖੋ ਯਾਕੂਬ 1:19

ਸਵੀਕਾਰ ਕਰੋ, ਦੂਜਿਆਂ ਵਿੱਚ ਸੱਚੀ ਦਿਲਚਸਪੀ ਲਓ, ਚੰਗੇ ਪ੍ਰਸ਼ਨ ਪੁੱਛੋ, ਇਸ਼ਾਰਿਆਂ ਨੂੰ ਸਮਝੋ, ਧਿਆਨ ਨਾਲ ਸੁਣੋ, ਵਿਚਾਲੇ ਨਾ ਟੋਕੋ।

ਬੋਲਣਾ ਸਿੱਖੋ ਕਹਾਉਤਾਂ 15:28, i16:13, 21-24

ਕੋਮਲਤਾ ਨਾਲ ਬੋਲੋ ਕਹਾਉਤਾਂ 9:13, 15:1,4 25:15

ਸੋਚ ਸਮਝ ਕੇ ਬੋਲੋ ਕਹਾਉਤਾਂ 10:19, 11:12, 12:23, 17:27

ਚੁੱਪੀ ਦਾ ਮੁੱਲ ਸਿੱਖੋ ਕਹਾਉਤਾਂ 13:3.18:13

ਪ੍ਰੇਮ ਨਾਲ ਬੋਲੋ ਰੋਮੀਆਂ 13:8, 19, ਅਫ਼ਸੀਆਂ 4:29

ਇਮਾਨਦਾਰ ਬਣੋ ਅਫ਼ਸੀਆਂ 4:15

ਪਰਮੇਸ਼ਰ ਦੇ ਸਮੇਂ ਦੇ ਪ੍ਰਤੀ ਸੰਵੇਦਨਸ਼ੀਲ ਰਹੋ

ਝਗੜੇ ਤੋਂ ਬਚਣਾ ਸਿੱਖੋ ਜ਼ਬੂਰ 141:3, ਕਹਾਉਤਾਂ 14:29, 17:14, ਕਹਾਉਤਾਂ 18:1, 20:3

2. ਚੰਗੀ ਗੱਲਬਾਤ ਦੀਆਂ ਰੁਕਾਵਟਾਂ:

ਮੂਰਖਤਾ

ਘਮੰਡ

ਮੇਰੀ ਰਾਏ

ਭਰੋਸਾ ਤੋੜਨਾ

ਜਲਦਬਾਜੀ

ਗੁੱਸਾ

ਆਇਤਾਂ: ਕਹਾਉਤਾਂ 12:15, 16:18, 18:2, 25:9, 29:20, 14:7,29, 15:18, 22:24,25, 29:22, 16:32, 19:11, ਉਪਦੇਸ਼ਕ 7:9, ਕੁਲੁੱਸੀਆਂ 3:8, ਯਾਕੂਬ 1:19,20

3. ਸਾਡੀ ਬੋਲੀ ਸਾਡੇ ਬਾਰੇ ਕੀ ਦਰਸਾਉਂਦੀ ਹੈ? ਮੱਤੀ 12:34-36

ਪਰਮੇਸ਼ਰ ਕੀ ਚਾਹੁੰਦਾ ਹੈ ਕਿ ਅਸੀਂ ਕਿਵੇਂ ਬੋਲੀਏ?

ਸਾਡੀ ਬੋਲੀ ਵਿੱਚ ਸਾਡੀ ਇੱਛਾ ਕਿਵੇਂ ਸ਼ਾਮਲ ਹੈ?

## ਵਿਆਹ ਦੀ ਉਸਾਰੀ ਕਰਨ ਵਾਲੀਆਂ ਇੱਟਾਂ

I ਪਤਰਸ 3:1-6

**ਰਵੱਈਆ** I ਪਤਰਸ 3:1,2 I ਤਿਮੋਥਿਉਸ 2:9,10

ਤੁਹਾਡਾ ਪਤੀ ਤੁਹਾਡੇ “ਰਵੱਈਏ” ਉੱਤੇ “ਗੌਰ” ਕਰਦਾ ਹੈ

ਨੇੜਿਓਂ ਤੱਕਦਾ ਹੋਇਆ, ਚੰਗੀ ਤਰ੍ਹਾਂ ਵੇਖਦਾ ਹੋਇਆ, ਤੁਹਾਡੇ ਰਵੱਈਏ ਉੱਤੇ ਗੌਰ ਕਰਦਾ ਹੈ।

ਇੱਕ ਪਿਆਰੀ ਜਿੰਦਗੀ (ਪਤਨੀ) ਦਾ ਸ਼ਾਂਤ ਪ੍ਰਚਾਰ। ਯਾਕੂਬ 2:14, 3:13,14

I. **ਇੱਕ ਪਤਨੀ ਨੂੰ ਆਪਣੇ ਪਤੀ ਦੇ ਨਾਲ ਸਤਿਕਾਰ ਪੂਰਨ ਵਿਹਾਰ ਕਰਨਾ ਹੈ** ਅਤੇ ਸਤਿਕਾਰਯੋਗ ਬਣੇ ਰਹਿਣਾ ਹੈ। ਤੁਹਾਡਾ ਰਵੱਈਆ ਉਸ ਨੂੰ ਆਖੇ, “ਮੈਂ ਤੁਹਾਡਾ ਸਤਿਕਾਰ ਕਰਦੀ ਹਾਂ।” (ਸਤਿਕਾਰ)

A. ਤੁਹਾਨੂੰ ਸਰੀਰਕ, ਮਾਨਸਿਕ, ਜਜ਼ਬਾਤੀ, ਆਤਮਕ ਤੌਰ ਤੇ ਉਸ ਦੀ ਸੁਰੱਖਿਆ ਦੀ ਲੋੜ ਹੈ। ਤੁਹਾਡਾ ਰਵੱਈਆ ਆਪਣੇ ਆਪ ਵਿੱਚ ਪੂਰਨ ਨਾ ਹੋਵੇ। ਇੱਕ ਦੂਜੇ ਉੱਤੇ ਨਿਰਭਰ ਨਾ ਹੋਣ ਨਾਲ ਵਿਆਹੁਤਾ ਜੀਵਨ ਬਰਬਾਦ ਹੋ ਜਾਵੇਗਾ।

B. ਬੁਨਿਆਦੀ ਲੋੜਾਂ ਦੀ ਪੂਰਤੀ ਦੇ ਲਈ ਉਸ ਉੱਤੇ ਨਿਰਭਰ ਹੋਵੋ।

(ਨਿਰਭਰ ਰਹੋ) (ਸਰਾਹਨਾ ਕਰੋ)

C. ਹੋਰ ਕਿਸੇ ਵੀ ਪੁਰਸ਼ ਦਾ ਉਸ ਨਾਲੋਂ ਵਧੇਰੇ ਸਤਿਕਾਰ ਨਾ ਕਰੋ ਜਾਂ ਵਫਾਦਾਰ ਨਾ ਹੋਵੋ, ਫਿਰ ਭਾਵੇਂ ਉਹ ਪਾਸਟਰ, ਸਿੱਖਿਅਕ, ਆਤਮਕ ਆਗੂ, ਰਿਸ਼ਤੇਦਾਰ ਜਾਂ ਮਿੱਤਰ ਹੀ ਕਿਉਂ ਨਾ ਹੋਵੇ। (ਇੱਜ਼ਤ ਕਰੋ) (ਸਰਾਹੋ)

D. ਉਸ ਦੇ ਨਾਲ ਬਹਿਸ ਕੀਤੇ ਬਿਨਾਂ ਜਾਂ ਉਸ ਦਾ ਵਿਰੋਧ ਕੀਤੇ ਬਿਨਾਂ ਉਸ ਨੂੰ ਆਖਰੀ ਫੈਸਲਾ ਲੈ ਲੈਣ ਦਓ। (ਸਮਰਪਿਤ ਰਹੋ)

E. ਉਸ ਨੂੰ ਸਰੀਰਕ ਰੂਪ ਤੇ ਤਿਆਗਣਾ ਉਸ ਦੀ ਮਰਦਾਨਗੀ ਦੇ ਲਈ ਵਿਨਾਸ਼ਕਾਰੀ ਹੈ। (ਗੂੜ੍ਹਾ ਪਿਆਰ ਕਰੋ)

F. ਉਸ ਨੂੰ ਅਸਫਲ ਹੋਣ ਦਾ ਮੌਕਾ ਦਓ, ਤੁਸੀਂ ਆਪਣਾ ਸਹਿਯੋਗ ਅਤੇ ਉਤਸ਼ਾਹ ਦੇਣਾ ਜਾਰੀ ਰੱਖੋ। (ਅਨੰਦ ਮਾਣੋ)

II. **ਤੁਸੀਂ ਇੱਕ ਪਤਨੀ ਦੇ ਤੌਰ ਤੇ ਉਸ ਨੂੰ ਇੱਕ ਆਗੂ ਵਾਂਗ ਸਵੀਕਾਰ ਕਰੋ** ਅਤੇ ਉਸ ਉੱਤੇ ਵਿਸ਼ਵਾਸ ਰੱਖੋ (ਸਰਾਹੋ)। ਜ਼ਬੂਰ 15

A. ਤਦ ਸਰਾਹੋ ਜਦ ਉਹ:

ਸਿੱਧੀ ਅਤੇ ਨਿਰਦੋਸ਼ ਚਾਲ ਚੱਲਦਾ ਹੈ

ਧਾਰਮਿਕਤਾ ਅਤੇ ਇਨਸਾਫ ਦੇ ਕੰਮ ਕਰਦਾ ਹੈ

ਸੱਚ ਬੋਲਦਾ ਅਤੇ ਆਪਣੇ ਹਿਰਦੇ ਵਿੱਚ ਸੱਚ ਸੋਚਦਾ ਹੈ (ਇਮਾਨਦਾਰੀ)

ਚੁਗਲੀ ਨਹੀਂ ਕਰਦਾ

ਪਰਮੇਸ਼ਰ ਦੇ ਲੋਕਾਂ ਦਾ ਸਤਿਕਾਰ ਕਰਦਾ ਹੈ, ਬੁਰੇ ਲੋਕਾਂ ਤੋਂ ਦੂਰ ਰਹਿੰਦਾ ਹੈ

ਵਾਇਦੇ ਪੂਰੇ ਕਰਦਾ ਹੈ, ਭਾਵੇਂ ਉਸ ਦੇ ਲਈ ਖਰਚਾ ਹੀ ਕਿਉਂ ਨਾ ਕਰਨਾ ਪਵੇ

ਲੋਕਾਂ ਦਾ ਫਾਇਦਾ ਨਹੀਂ ਚੁੱਕਦਾ

ਉਸ ਨੂੰ ਰਿਸ਼ਵਤ ਨਹੀਂ ਦਿੱਤੀ ਜਾ ਸਕਦੀ

ਮੁੱਕਰਦਾ ਨਹੀਂ, ਭਾਵੇਂ ਨੁਕਸਾਨ ਹੀ ਕਿਉਂ ਨਾ ਹੋਵੇ

ਲੋਕ ਉਨ੍ਹਾਂ ਵੱਲ ਖਿੱਚੇ ਆਉਂਦੇ ਹਨ ਜਿਹੜੇ ਉਨ੍ਹਾਂ ਨੂੰ ਸਰਾਹੁੰਦੇ ਹਨ ਅਤੇ ਉਨ੍ਹਾਂ ਕੋਲੋਂ ਦੂਰ ਭੱਜਦੇ ਹਨ ਜਿਹੜੇ ਉਨ੍ਹਾਂ ਨੂੰ ਛੋਟਾ ਸਮਝਦੇ ਜਾਂ ਤੁੱਛ ਮੰਨਦੇ ਹਨ।

B. ਤੁਹਾਡੀ ਪ੍ਰਸ਼ੰਸਾ ਨਾਲ ਉਸ ਦੀ ਅਗਵਾਈ ਦੀ ਯੋਗਤਾ ਨੂੰ ਬਲ ਮਿਲੇਗਾ, ਬੋਲ ਕੇ ਦੱਸੋ, ਖਾਸ ਤੌਰ ਤੇ ਦੱਸੋ।

C. ਉਸ ਉੱਤੇ ਗੌਰ ਕਰੋ, ਜਦ ਉਹ ਕਿਸੇ ਨਾਲ ਜਾਂ ਤੁਹਾਡੇ ਨਾਲ ਗੱਲ ਕਰਦਾ ਹੈ ਤਾਂ ਉਸ ਵੱਲ ਧਿਆਨ ਲਾਓ, ਜਦ ਤੁਸੀਂ ਉਸ ਨੂੰ ਸੁਣੋਗੇ ਤਾਂ ਤੁਹਾਡੀ ਸਰਾਹਨਾ ਤੁਹਾਡੇ ਚਿਹਰੇ ਉੱਤੇ ਦਿਖਾਈ ਦੇਵੇਗੀ। ਸੋਚੋ ਕਿ ਕਿੰਨਾ ਤੁਹਾਨੂੰ ਵੱਡਾ 'ਇਨਾਮ' ਮਿਲਿਆ ਹੋਇਆ ਹੈ!

<u>ਆਪਣੇ ਪਤੀ ਨੂੰ ਸਰਾਹੁਣ ਦੇ ਕੁਝ ਤਰੀਕੇ</u>

1. ਆਪਣੇ ਪਤੀ ਤੋਂ ਸਲਾਹ ਅਤੇ ਰਾਏ ਲੈਣਾ ਅਰੰਭ ਕਰੋ

2. ਆਪਣੇ ਪਤੀ ਦੀਆਂ ਪਿਛਲੀਆਂ ਬੇਨਤੀਆਂ ਅਤੇ ਇੱਛਾਵਾਂ ਨੂੰ ਚੇਤੇ ਕਰਨ ਦਾ ਜਤਨ ਕਰੋ ਅਤੇ ਜਿਵੇਂ ਸੰਭਵ ਹੋਵੇ ਉਨ੍ਹਾਂ ਨੂੰ ਪੂਰਾ ਕਰਨਾ ਅਰੰਭ ਕਰੋ।

3. ਜਦ ਤੁਸੀਂ ਦੂਜੇ ਲੋਕਾਂ, ਪਰਿਵਾਰ ਦੇ ਮੈਂਬਰਾਂ ਜਾਂ ਬੱਚਿਆਂ ਦੇ ਨਾਲ ਹੋ ਤਾਂ ਆਪਣੇ ਪਤੀ ਦੀਆਂ ਕਮਜੋਰੀਆਂ ਦੀ ਬਜਾਏ ਚੰਗੇ ਗੁਣਾਂ ਉੱਤੇ ਧਿਆਨ ਲਿਆਉਣ ਦੇ ਜਤਨ ਕਰੋ।

4. ਆਪਣੇ ਪਤੀ ਦੇ ਕਾਰੋਬਾਰ ਅਤੇ ਸ਼ੌਂਕ ਦੀ ਸ਼ਲਾਘਾ ਕਰਨ ਦੇ ਜਤਨ ਕਰੋ। ਇਹ ਸਮਝਣ ਦਾ ਜਤਨ ਕਰੋ ਕਿ ਉਹ ਆਪਣੇ ਕਾਰੋਬਾਰ ਨੂੰ ਕਿੰਨਾ ਮਹੱਤਵਪੂਰਨ ਮੰਨਦਾ ਹੈ।

* ਕਿਸੇ ਵੀ ਪੁਰਸ਼ ਦੀ ਅਣਖ ਨੂੰ ਇਹ ਗੱਲ ਸਭ ਤੋਂ ਜਿਆਦਾ ਨਾਸ ਕਰਦੀ ਹੈ ਕਿ ਉਸ ਦੀ ਪਤਨੀ ਉਸ ਦਿਆਂ ਜਤਨਾਂ ਨੂੰ ਹੀਣ ਸਮਝਣ ਲੱਗ ਜਾਵੇ।

5. ਬਿਨਾਂ ਕਿਸੇ ਨਕਾਰਾਤਮਕ ਸੁਭਾਓ ਦੇ ਸਾਵਧਾਨੀ ਨਾਲੋ ਸੁਣੋ ਕਿ ਤੁਹਾਡਾ ਪਤੀ ਕੀ ਆਖਦਾ ਹੈ – ਖੁੱਲ੍ਹੇ ਮਨ ਨਾਲ ਸੁਣੋ

6. ਤੁਹਾਡੇ ਪਤੀ ਨੇ ਤੁਹਾਡੇ ਲਈ ਜੋ ਵੀ ਚੰਗਾ ਆਖਿਆ ਜਾਂ ਕੀਤਾ ਹੈ ਉਸ ਦੀ ਸ਼ਲਾਘਾ ਉਸ ਤੋਂ 24 ਘੰਟੇ ਦੇ ਅੰਦਰ-ਅੰਦਰ ਕਰਨ ਦਾ ਜਤਨ ਕਰੋ।

7. ਆਪਣੀ ਸੰਵੇਦਨਸ਼ੀਲਤਾ ਦੀ ਵਰਤੋਂ ਕਰਕੇ ਆਪਣੇ ਪਤੀ ਦੇ ਨਿੱਜੀ ਟੀਚਿਆਂ ਦਾ ਪਤਾ ਕਰੋ ਅਤੇ ਜਦ ਉਹ ਉਨ੍ਹਾਂ ਨੂੰ ਪੂਰਾ ਕਰਨ ਦੇ ਜਤਨ ਕਰਦਾ ਹੈ ਤਾਂ ਉਸ ਦਾ ਸਹਿਯੋਗ ਕਰੋ।

8. ਬੋਲਣ ਤੋਂ ਇਲਾਵਾ ਹੋਰ ਤਰੀਕਿਆਂ ਨਾਲ ਵੀ ਆਪਣੇ ਪਤੀ ਨੂੰ ਸਰਾਹੁਣਾ ਅਰੰਭ ਕਰੋ।
ਜਦ ਉਹ ਘਰ ਆਉਂਦਾ ਹੈ ਤਾਂ ਉਸ ਦੀਆਂ ਚਿੰਤਾਵਾਂ ਬਾਰੇ ਸੁਣੋ, ਉਸ ਦਾ ਮਨਪਸੰਦ ਭੋਜਨ ਬਣਾਓ, ਉਸ ਨੂੰ ਗੌਰ ਨਾਲ ਸੁਣੋ, ਉਸ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਗੱਲ ਕਰੋ। ਜਦ ਉਹ ਤੁਹਾਡੇ ਨਾਲ ਗੱਲ ਕਰਦਾ ਹੈ ਤਾਂ ਉਸ ਦੇ ਵਿੱਚ ਬੱਚਿਆਂ ਨੂੰ, ਟੀਵੀ ਨੂੰ ਜਾਂ ਭਾਂਡਿਆਂ ਨੂੰ ਨਾ ਆਉਣ ਦਓ।

9. ਜਦ ਤੁਸੀਂ ਉਸ ਦਾ ਦਿਲ ਦੁਖਾਓ ਤਾਂ ਸੱਚੇ ਦਿਲ ਨਾਲ ਉਸ ਤੋਂ ਮਾਫੀ ਮੰਗੋ। ਕਹੋ "ਮੈਂ ਗਲਤ ਸੀ, ਕੀ ਤੁਸੀਂ ਮੈਨੂੰ ਮਾਫ ਕਰ ਦਓਗੇ?"

## III. ਤੁਹਾਨੂੰ ਅਜਿਹੀ ਪਤਨੀ ਬਣਨਾ ਹੈ ਜਿਸ ਦੀ ਪ੍ਰਸ਼ੰਸਾ ਸਾਰੇ ਲੋਕ ਕਰਨ

I ਤਿਮੋਥਿਉਸ 2:9,10 ...ਉਨ੍ਹਾਂ ਇਸਤਰੀਆਂ ਦੇ ਲਾਭ ਲਈ ਹੈ ਜਿਹੜੀਆਂ ਪਰਮੇਸ਼ਰ ਦੇ ਆਦਰ ਪੂਰਨ ਭੈ ਨੂੰ ਮੰਨਦੀਆਂ ਅਤੇ ਉਸ ਦੇ ਪ੍ਰਤੀ ਸਮਰਪਿਤ ਰਹਿੰਦੀਆਂ ਹਨ।

1. ਤੁਹਾਡੇ ਚੰਗੇ ਕੰਮਾਂ ਅਤੇ ਚਰਿੱਤਰ ਲਈ ਲੋਕਾਂ ਵੱਲੋਂ ਪ੍ਰਸ਼ੰਸਾ ਆਵੇ। ਕਹਾਉਤਾਂ 31:31 ਪਤਨੀ ਵਿੱਚ ਉਸ ਦੇ ਪਤੀ ਦੀ ਝਲਕ ਦਿਖਾਈ ਦਿੰਦੀ ਹੈ। I ਕੁਰਿੰਥੀਆਂ 11:7 ...ਇਸਤਰੀ ਪੁਰਸ਼ ਦੀ ਮਹਿਮਾ ਹੈ।

A. ਆਤਮਕ ਆਗੂਆਂ ਵੱਲੋਂ ਪ੍ਰਸ਼ੰਸਾ:

ਉਨ੍ਹਾਂ ਦੀਆਂ ਜ਼ਰੂਰਤਾਂ ਨੂੰ ਜਾਣਨ ਦੇ ਲਈ, ਬੁੱਧੀ ਅਤੇ ਸਮਝਦਾਰੀ

ਤੁਹਾਡੇ ਪਤੀ ਅਤੇ ਬੱਚਿਆਂ ਦੇ ਲਈ ਤੁਹਾਡੇ ਪ੍ਰੇਮ ਦੇ ਲਈ

ਤੁਹਾਡੇ ਪਤੀ ਦੇ ਪ੍ਰਤੀ ਤੁਹਾਡੀ ਅਧੀਨਤਾ ਅਤੇ ਆਗਿਆਕਾਰੀ ਦੇ ਲਈ

ਚੰਗੇ ਸਦਾਚਾਰ ਦੇ ਲਈ

ਤੁਹਾਡੇ ਘਰ ਦੇ ਪ੍ਰਬੰਧਨ ਦੇ ਲਈ

B. ਤੁਹਾਡੇ ਬੱਚੇ ਤੁਹਾਡੀ ਸ਼ਲਾਘਾ ਕਰਨ

ਦੂਜਿਆਂ ਉੱਤੇ ਤੁਹਾਡੇ ਈਸ਼ੁਰੀ ਪ੍ਰਭਾਵ ਦੇ ਲਈ

ਤੁਹਾਡੇ ਪਤੀ ਦੇ ਨਾਲ ਤੁਹਾਡੇ ਤਾਲਮੇਲ ਦੇ ਲਈ

ਤੁਹਾਡੇ ਉੱਦਮ,ਘਟ ਖਰਚ ਲਈ ਅਤੇ ਬੁੱਧੀਮਾਨੀ ਨਾਲ ਕੀਤੇ ਜਾ ਰਹੇ ਪ੍ਰਬੰਧ ਦੇ ਲਈ

ਤੁਹਾਡੀ ਬੁੱਧੀ ਅਤੇ ਕਿਰਪਾਲਤਾ ਦੇ ਲਈ

C. ਗੁਆਂਢੀ ਤੁਹਾਡੀ ਸ਼ਲਾਘਾ ਕਰਨ

ਗਰੀਬਾਂ ਅਤੇ ਜ਼ਰੂਰਤਮੰਦਾਂ ਦੇ ਪ੍ਰਤੀ ਤੁਹਾਡੀ ਉਦਾਰਤਾ ਦੇ ਲਈ

ਤੁਹਾਡੀ ਪ੍ਰਾਹੁਣਚਾਰੀ ਦੇ ਲਈ

ਦੁਖੀਆਂ ਨੂੰ ਤਸੱਲੀ ਦੇਣ ਦੇ ਲਈ

D. ਕਲੀਸੀਆ ਤੁਹਾਡੀ ਸ਼ਲਾਘਾ ਕਰੇ

ਸੰਤਾਂ ਦੀ ਵਿਹਾਰਕ ਦੇਖਭਾਲ ਦੇ ਲਈ

ਵਿਆਹ ਦੀਆਂ ਕਸਮਾਂ ਦੇ ਪ੍ਰਤੀ ਵਫਾਦਾਰੀ ਦੇ ਲਈ

ਜਵਾਨ ਇਸਤਰੀਆਂ ਨੂੰ ਸਿੱਖਿਆ ਦੇਣ ਦੀ ਤੁਹਾਡੀ ਯੋਗਤਾ ਦੇ ਲਈ

ਕਹਾਉਤਾਂ 12:4

ਇੱਕ ਗੁਣਵੰਤੀ ਅਤੇ ਯੋਗ ਪਤਨੀ – ਸੰਜੀਦਾ ਅਤੇ ਚਰਿੱਤਰਵਾਨ – ਆਪਣੇ ਪਤੀ ਦੇ ਲਈ ਇੱਕ ਮੁਕਟ ਵਾਂਗ ਹੈ, ਪਰ ਜੋ ਉਸ ਨੂੰ ਸ਼ਰਮਿੰਦਾ ਕਰਦੀ ਹੈ, ਉਹ ਉਸ ਦੀਆਂ ਹੱਡੀਆਂ ਦਾ ਸਾੜਾ ਹੈ।

ਵਿਆਹ ਦੀ ਉਸਾਰੀ ਕਰਨ ਵਾਲੀਆਂ ਇੱਟਾਂ

1. **ਰੂਪ**: ਅੰਦਰੂਨੀ ਵਿਹਾਰ ਸਰੀਰਕ ਸੁੰਦਰਤਾ ਨੂੰ ਵਧਾਉਂਦਾ ਹੈ

ਤੁਹਾਡੇ ਵਾਲ ਅਤੇ ਕੱਪੜੇ ਤੁਹਾਡੇ ਪਤੀ ਦੇ ਸੁਆਦ, ਪੱਧਰ ਅਤੇ ਪ੍ਰਬੰਧ ਨੂੰ ਦਰਸਾਉਂਦੇ ਹਨ। ਘਰ ਦਾ ਹੁਲੀਆ ਉਸ ਦੀ ਬੁੱਧੀ, ਪ੍ਰਬੰਧ ਅਤੇ ਸੁਰੱਖਿਆ ਦਾ ਪ੍ਰਤੀਕ ਹੈ। ਉਸ ਦਾ ਘਰ ਉਸ ਦੇ ਖ਼ਜਾਨੇ ਨੂੰ ਸੁਰੱਖਿਅਤ ਰੱਖਣ ਵਾਲੀ ਥਾਂ ਹੈ।

ਪਤਨੀ ਦਾ ਸੁਭਾਓ ਘਰ ਦੇ ਮਾਹੌਲ ਨੂੰ ਨਿਰਧਾਰਿਤ ਕਰਦਾ ਹੈ, ਉਹ ਘਰ ਨੂੰ ਜਾਂ ਤਾਂ ਸਵਰਗ ਬਣਾਉਂਦੀ ਹੈ ਜਾਂ ਫਿਰ ਨਰਕ।

2. **ਵਿਹਾਰ**: I ਪਤਰਸ 3:4

## A. ਇੱਕ ਕੋਮਲ ਅਤੇ ਸ਼ਾਂਤ ਸੁਭਾਓ

ਨਾ ਕੋਈ ਝਗੜਾ ਨਾ ਫਸਾਦ
ਕੋਮਲ – ਅਵਿਨਾਸੀ, ਜਿਸ ਨੂੰ ਮਿਟਾਇਆ ਨਹੀਂ ਜਾ ਸਕਦਾ, ਹਟਾਇਆ ਨਹੀਂ ਜਾ ਸਕਦਾ, ਜਾਂ ਨਾਸ ਨਹੀਂ ਕੀਤਾ ਜਾ ਸਕਦਾ, ਚਰਿੱਤਰ ਦਾ ਬਲ, ਤਕੜਾ ਸੰਜੰਮ, ਸ਼ਾਂਤ ਸ਼ਾਨ ਅਤੇ ਸੋਭਾ, ਸਹਿਜ ਅਤੇ ਨਿਯੰਤ੍ਰਣ ਵਿੱਚ, ਦੂਜਿਆਂ ਲਈ ਕੋਈ ਪਰੇਸ਼ਾਨੀ ਨਹੀਂ

ਹਲੀਮੀ – ਆਪਣੇ ਅਧਿਕਾਰ ਅਤੇ ਅਪੇਖਿਆਵਾਂ ਪਰਮੇਸ਼ਰ ਦੇ ਸਪੁਰਦ ਕਰ ਦੇਣਾ
ਸ਼ਾਂਤ ਸੁਭਾਓ – ਡਰ ਅਤੇ ਚਿੰਤਾ ਉੱਤੇ ਜੇਤੂ ਹੋਣਾ, ਦਹਿਸ਼ਤ ਅਤੇ ਖਿਝ ਤੋਂ ਮੁਕਤ

## B. ਇੱਕ ਸ਼ੁਕਰਗੁਜਾਰ ਸੁਭਾਓ

ਸਾਰੀਆਂ ਅਪੇਖਿਆਵਾਂ ਪਰਮੇਸ਼ਰ ਦੇ ਸਪੁਰਦ ਕਰ ਦਓ। ਜ਼ਬੂਰ 62:5
ਕੁਝ ਵੀ ਅਪੇਖਿਆ ਨਾ ਕਰੋ – ਹਰੇਕ ਗੱਲ ਲਈ, ਆਪਣੇ ਪਤੀ ਦੇ ਪ੍ਰੇਮ ਦੇ ਹਰੇਕ ਪ੍ਰਮਾਣ ਦੇ ਲਈ ਸ਼ੁਕਰਗੁਜਾਰ ਹੋਵੋ।
ਸੰਤੋਖ ਸਹਿਤ ਭਗਤੀ ਨੂੰ ਸਿੱਖੋ। I ਤਿਮੋਥਿਉਸ 6:6-11

3. **ਪ੍ਰਤੀਉੱਤਰ** ਪ੍ਰਤੀਕਿਰਿਆ ਕਰਨ ਦੀ ਬਜਾਇ ਪ੍ਰਤੀਉੱਤਰ ਦੇਣਾ। ਕਹਾਉਤਾਂ 25:15
ਸਾਰਾਹ ਨੇ ਅਬਰਾਹਾਮ ਦੀ ਆਗਿਆਕਾਰੀ ਕੀਤੀ। "ਆਗਿਆਕਾਰੀ" ਕਰਨ ਦਾ ਅਰਥ ਕਿਸੇ ਦੀ ਗੱਲ ਉੱਤੇ ਗੌਰ ਕਰਨਾ ਹੈ। ਵਿਚਾਰ ਇਹ ਹੈ ਕਿ ਦੂਜੇ ਦੀ ਜ਼ਰੂਰਤ ਨੂੰ ਪੂਰਾ ਕਰਨਾ, ਇੱਕ ਸਕਾਰਾਤਮਕ ਅਤੇ ਸਹਾਇਕ ਪ੍ਰਤੀਉੱਤਰ ਦੇਣਾ।

A. (ਆਪਣੇ ਪਤੀ ਦੇ ਲਈ) ਪਰਮੇਸ਼ਰ ਦੇ ਸਾਹਮਣੇ ਆਉਣ ਲਈ ਕੁਝ ਸਿਧਾਂਤ ਸਿੱਖੋ।

ਪਰਮੇਸ਼ਰ ਦੇ ਨਾਲ ਸਹੀ ਸੰਬੰਧ ਵਿੱਚ ਰਹੋ।
ਸਹੀ ਮੰਤਵ ਰੱਖੋ
ਸਹੀ ਵਿਹਾਰ ਰੱਖੋ (ਮਾਫ ਕਰਨ ਵਾਲਾ ਸੁਭਾਓ, ਕੋਈ ਪਾਪ ਨਹੀਂ)
ਇਮਾਨਦਾਰ ਬਣੋ, ਪਰਮੇਸ਼ਰ ਦੇ ਨਾਲ ਸਟੀਕ
ਕੁਰਬਾਨੀ ਦੇਣ ਲਈ ਤਿਆਰ ਰਹੋ

B. ਆਪਣੇ ਪਤੀ ਦੇ ਸਾਹਮਣੇ ਆਉਣ ਲਈ ਵੀ ਇਹੋ ਸਿਧਾਂਤ ਵਰਤੋ

C. ਪਰਮੇਸ਼ਰ ਦਾ ਭੈ ਮੰਨਣ ਵਾਲੀਆਂ ਇਸਤਰੀਆਂ ਤੋਂ ਸਿੱਖੋ, ਅਸਤਰ – ਬੁੱਧੀਮਾਨੀ ਨਾਲ ਪਤੀ ਦੇ ਸਾਹਮਣੇ ਆਉਣਾ, ਰੂਥ – ਵਫਾਦਾਰੀ, ਸਾਰਾਹ – ਆਗਿਆਕਾਰੀ।

## ਜੰਗ ਦੇ ਮੈਦਾਨ

ਸਹੁਰੇ
ਬੱਚੇ
ਧਨ
ਸੈਕਸ

ਜੰਗ ਦਾ ਮੈਦਾਨ ਉਹ ਥਾਂ ਹੁੰਦਾ ਹੈ ਜਿੱਥੇ ਵੈਰੀ ਆਪਣਾ ਹਿਸਾਬ ਪੂਰਾ ਕਰਨ ਲਈ ਲੜਨ ਵਾਸਤੇ ਆਉਂਦੇ ਹਨ।

**ਮਾਪੇ ਅਤੇ ਸਹੁਰੇ** ਵਿਆਹੁਤਾ ਜੀਵਨ "ਵਿੱਚ" ਜਾਂ ਸਾਡੇ ਵਿਆਹ ਦੇ ਘੇਰੇ ਵਿੱਚ ਨਹੀਂ ਹੋਣੇ ਚਾਹੀਦੇ।
ਵਿਆਹ ਕੇਵਲ ਦੋ ਲੋਕਾਂ ਦੇ ਵਿਚਕਾਰ ਦੀ ਖੇਡ ਹੈ, ਬਾਕੀ ਸਾਰੇ ਦਰਸ਼ਕ ਹਨ।
ਮੇਰੇ ਮਾਪਿਆਂ ਨੂੰ ਮੇਰੇ ਪਾਸਿਓਂ ਹਟਾਉਣਾ ਮੇਰੀ ਜਿੰਮੇਵਾਰੀ ਹੈ। ਮੇਰਾ ਸੰਬੰਧ ਉਨ੍ਹਾਂ ਦੇ ਨਾਲ ਹੈ, ਮੈਂ ਉਨ੍ਹਾਂ ਦੀ ਹਾਂ।
ਉਮਰ ਜਾਂ ਦੂਰੀ ਮਾਇਨੇ ਨਹੀਂ ਰੱਖਦੀ। ਇਸ ਦੇ ਬਾਵਜੂਦ ਵੀ ਮਾਪੇ ਦਖਲਅੰਦਾਜੀ ਕਰ ਸਕਦੇ ਹਨ।
ਸਹੁਰਿਆਂ ਦੀ ਸਮੱਸਿਆ ਦਰਅਸਲ ਮਾਪਿਆਂ/ਬੱਚਿਆਂ ਦੀ ਸਮੱਸਿਆ ਹੈ।
ਕਿਨ੍ਹਾਂ ਤਰੀਕਿਆਂ ਨਾਲ ਮਾਪੇ ਆਪਣੇ ਬੱਚਿਆਂ ਦੇ ਵਿਆਹੁਤਾ ਜੀਵਨ ਵਿੱਚ ਲੱਤ ਫਸਾਈ ਰੱਖਦੇ ਹਨ:
ਪੈਸਾ, ਤੋਹਫੇ, ਕਾਰੋਬਾਰ, ਧਰਮ, ਪੱਧਰ, ਪਰੰਪਰਾਵਾਂ, ਛੁੱਟੀਆਂ, ਪੋਤੇ-ਪੋਤੀਆਂ, ਬਿਮਾਰੀਆਂ।

ਜੇਕਰ ਤੁਹਾਡੇ ਪਤੀ ਨੂੰ ਤੁਹਾਡੇ ਮਾਪਿਆਂ ਦੇ ਨਾਲ ਮੁਕਾਬਲਾ ਕਰਨਾ ਪਵੇ ਤਾਂ ਉਹ ਹਾਰ ਜਾਵੇਗਾ। ਜੇਕਰ ਪਤੀ ਨੂੰ ਲੱਗਦਾ ਹੈ ਕਿ ਉਹ ਆਪਣੀ ਪਤਨੀ ਦੇ ਜੀਵਨ ਵਿੱਚ "ਪਹਿਲੀ ਥਾਂ" ਤੇ ਨਹੀਂ ਹੈ ਤਾਂ ਉਹ **ਉਸ ਵਿਅਕਤੀ ਜਾਂ ਵਸਤੂ** ਤੋਂ ਦੂਰੀ ਬਣਾ ਲਵੇਗਾ ਜਿਸ ਨੇ ਉਸ ਨੂੰ ਉਸ ਦੀ **"ਪਹਿਲੀ ਥਾਂ"** ਤੋਂ ਹਟਾਇਆ ਹੈ। "ਦੋ ਇੱਕ ਹੋ ਜਾਣਗੇ।" ਤੁਹਾਡੇ ਦੋਹਾਂ ਦੇ ਵਿਚਕਾਰ ਜੋ ਕੋਈ ਵੀ ਆਉਂਦਾ ਹੈ ਉਹ ਉਸ ਨੂੰ ਉਸ ਦੀ "ਪਹਿਲੀ ਥਾਂ" ਤੋਂ ਹਟਾ ਦੇਵੇਗਾ।

**ਬੱਚੇ**, ਪਤਨੀ ਦੇ ਜੀਵਨ ਵਿੱਚ ਪਤੀ ਦੀ ਥਾਂ ਲੈ ਸਕਦੇ ਹਨ: ਸਮਾਂ, ਧਿਆਨ, ਸਮਰਪਣ, ਪ੍ਰੀਤ, ਅਤੇ ਸੱਚਾ ਪਿਆਰ। ਬੱਚੇ ਜਾਣਦੇ ਹਨ ਕਿ ਕਿਵੇਂ ਅਤੇ ਕਦੋਂ ਫੁੱਟ ਪਾਉਣੀ ਹੈ ਅਤੇ ਜਿੱਤਣਾ ਹੈ। ਪਤੀ ਨੂੰ ਪਹਿਲ ਦੇਣ ਨਾਲ ਬੱਚਿਆਂ ਨੂੰ ਪਤਾ ਲੱਗਦਾ ਹੈ ਕਿ ਪਤੀ, ਪਿਤਾ, ਪਰਿਵਾਰ ਦਾ ਸਿਰ ਹੈ। ਇਸ ਨਾਲ ਉਨ੍ਹਾਂ ਨੂੰ ਸੁਰੱਖਿਆ ਮਿਲੇਗੀ।

ਦੰਪਤੀ ਅਕਸਰ ਬੱਚਿਆਂ ਦੇ ਅਨੁਸ਼ਾਸਨ ਨੂੰ ਲੈ ਕੇ ਅਸਹਿਮਤ ਰਹਿੰਦੇ ਹਨ। ਅਸੀਂ ਦੋਹੇਂ ਇੱਕ ਦੂਜੇ ਦੀਆਂ ਕਮੀਆਂ ਦੇ ਪੂਰਕ ਹੁੰਦੇ ਹਾਂ। ਜਦ ਵੀ ਸੰਦੇਹ ਹੋਵੇ, ਆਪਣੇ ਪਤੀ ਦੀ ਅਗਵਾਈ ਵਿੱਚ ਚੱਲੋ।

**ਪੈਸਾ**, ਇੱਕ ਤਰੀਕਾ ਹੋ ਸਕਦਾ ਹੈ ਕਿ ਪਤੀ ਨੂੰ ਨਿਯੰਤ੍ਰਣ ਵਿੱਚ ਅਤੇ ਅਗਵਾਈ ਵਿੱਚ 'ਮਹਿਸੂਸ' ਕਰਾਵੇ। ਪਰਿਵਾਰ ਦਾ ਪਾਲਕ ਹੋਣ ਨੂੰ ਮਹਿਸੂਸ ਕਰਨ ਦੀ ਉਸ ਦੀ ਜ਼ਰੂਰਤ ਨੂੰ ਪਤਨੀ ਨਾ ਹੜਪੇ। ਜੇਕਰ ਉਹ ਪੈਸੇ ਦਾ ਪ੍ਰਬੰਧ ਚੰਗੀ ਤਰ੍ਹਾਂ ਨਹੀਂ ਕਰ ਪਾਉਂਦਾ ਹੈ ਤਾਂ ਇਸ ਖੇਤਰ ਵਿੱਚ ਉਸ ਦਾ ਸਹਾਇਕ ਹੋਣਾ ਠੀਕ ਹੈ। ਪੈਸੇ ਨਾਲ ਸੰਬੰਧਤ ਜਿਆਦਾਤਰ ਸਮੱਸਿਆਵਾਂ ਨੂੰ ਇੱਕ ਲਿਖਿਤ ਬਜਟ ਦੇ ਰਾਹੀਂ ਸੁਲਝਾਇਆ ਜਾ ਸਕਦਾ ਹੈ। ਤਦ 'ਬਜਟ' ਫੈਸਲਾ ਕਰਦਾ ਹੈ ਕਿ ਪੈਸਾ ਕਿੱਥੇ ਅਤੇ ਕਿਵੇਂ ਖਰਚ ਕਰਨਾ ਹੈ। ਪਰਿਵਾਰ ਦੇ ਕੋਲ ਕਿੰਨਾ ਪੈਸਾ ਹੈ, ਇਸ ਬਾਰੇ ਪਤਨੀ ਨੂੰ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ। ਕਿਵੇਂ, ਕਦੋਂ, ਕਿੱਥੇ, ਕੌਣ ਵਗੈਰਾ।

## ਸੈਕਸ

ਜਿਸ ਵੇਲੇ ਪੁਰਸ਼ ਕਮਜੋਰ, ਅਸੁਰੱਖਿਅਤ, ਬੇਸਹਾਰਾ, ਜਾਂ ਤਣਾਅ ਵਿੱਚ ਮਹਿਸੂਸ ਕਰਦਾ ਹੈ, ਉਸ ਵੇਲੇ ਉਸ ਦੀ ਅਣਖ ਨੂੰ, ਉਸ ਦੀ ਮਰਦਾਨਗੀ ਨੂੰ ਮਜਬੂਤ ਕਰਨ ਵਿੱਚ ਸੈਕਸ ਮਦਦ ਕਰ ਸਕਦਾ ਹੈ। ਉਸ ਨੂੰ ਸਿਰਫ ਤੁਹਾਡੇ ਸਰੀਰ ਦੀ ਨਹੀਂ ਪਰ ਤੁਹਾਡੇ ਸਹਿਯੋਗ ਦੀ ਵੀ ਲੋੜ ਹੈ! ਉਸ ਨੂੰ ਪਤਾ ਹੋਣ ਦੀ ਲੋੜ ਹੈ ਕਿ ਤੁਸੀਂ ਉਸ ਦੇ ਸਰੀਰ ਦਾ ਅਨੰਦ ਮਾਣਦੀ ਹੋ। I ਕੁਰਿੰਥੀਆਂ 7:11

ਅਕਸਰ ਅਜਿਹਾ ਹੁੰਦਾ ਹੈ ਕਿ ਪੁਰਸ਼ ਸਿਰਫ ਇੱਕ ਛੋਹ ਨਾਲ, ਤਸਵੀਰ ਨਾਲ, ਜਾਂ ਨਜ਼ਰ ਨਾਲ ਹੀ ਸੰਭੋਗ ਕਰਨ ਲਈ ਤਿਆਰ ਹੋ ਜਾਂਦਾ ਹੈ।
ਸੈਕਸ ਦੇ ਪੁਰਸ਼ ਲਈ ਕੀ ਮਾਇਨੇ ਹਨ:

ਜੇਕਰ ਪੁਰਸ਼ ਬਿਸਤਰੇ ਵਿੱਚ ਅਨੰਦ ਮਾਣ ਸਕਿਆ ਤਾਂ ਉਹ ਤੁਹਾਡੇ ਨਾਲ ਕਿਤੇ ਵੀ ਅਨੰਦ ਮਾਣ ਸਕੇਗਾ। ਜਿਹੜਾ ਪੁਰਸ਼ ਸੈਕਸ ਵਿੱਚ ਸੰਤੁਸ਼ਟ ਹੈ ਉਹ ਹੋਰਨਾਂ ਖੇਤਰਾਂ ਵਿੱਚ ਆਤਮ-ਵਿਸ਼ਵਾਸ ਨੂੰ ਵਿਕਸਿਤ ਕਰ ਸਕੇਗਾ। ਜੇਕਰ ਪੁਰਸ਼ ਬਿਸਤਰੇ ਵਿੱਚ ਸਫਲ ਹੋ ਜਾਂਦਾ ਹੈ ਤਾਂ ਉਹ ਜੀਵਨ ਦੀ ਕਿਸੇ ਵੀ ਅਸਫਲਤਾ ਦਾ ਸਾਹਮਣਾ ਕਰ ਸਕੇਗਾ।
ਜੇਕਰ ਉਹ ਸੈਕਸ ਵਿੱਚ ਸਫਲ ਨਹੀਂ ਹੈ ਤਾਂ ਉਹ ਹੋਰ ਕਿਸੇ ਵੀ ਖੇਤਰ ਵਿੱਚ ਸਫਲ ਮਹਿਸੂਸ ਨਹੀਂ ਕਰੇਗਾ। ਸੰਕਟ ਵੇਲੇ ਪੁਰਸ਼ ਨੂੰ ਲੋੜ ਪੈਂਦੀ ਹੈ ਕਿ ਉਹ ਆਪਣੀ ਪਤਨੀ ਕੋਲੋਂ ਬਲ ਪ੍ਰਾਪਤ ਕਰਨ ਲਈ ਉਸ ਨਾਲ ਪ੍ਰੇਮ ਕਰੇ।

ਰਾਜਾ ਦਾਊਦ ਨੇ ਉਸ ਵੇਲੇ ਵਰਤ ਰੱਖ ਕੇ ਪ੍ਰਾਰਥਨਾ ਕੀਤੀ ਜਿਸ ਵੇਲੇ ਉਸ ਦਾ ਪੁੱਤਰ ਰੋਗੀ ਸੀ, ਪਰ ਉਸ ਦੀ ਮੌਤ ਤੋਂ ਬਾਅਦ ਦਾਊਦ ਨਹਾਇਆ, ਭੋਜਨ ਕੀਤਾ ਅਤੇ ਆਪਣੀ ਪਤਨੀ ਨਾਲ ਸੰਗ ਕੀਤਾ ਤਾਂ ਜੋ ਉਸ ਨੂੰ ਤਸੱਲੀ ਮਿਲੇ, ਨਵਾਂ ਬਲ ਮਿਲੇ ਅਤੇ ਇੱਕ ਪੁਰਸ਼ ਵਾਂਗ ਉਸ ਦਾ ਆਤਮ-ਵਿਸ਼ਵਾਸ ਤਕੜਾ ਹੋਵੇ।
(ਮਿੱਤਰ ਦੇ ਬੱਚੇ ਦੀ ਮੌਤ ਹੋਈ)

ਇੱਕ ਪੁਰਸ਼ ਦੀਆਂ ਅਜਿਹੀਆਂ ਜ਼ਰੂਰਤਾਂ ਹਨ ਜਿਸ ਨੂੰ ਕੋਈ ਹੋਰ ਪੂਰਾ ਕਰਦਾ ਹੈ। ਸੰਭੋਗ ਉਸ ਦੀ ਥਕਾਣ ਅਤੇ ਤਣਾਅ ਨੂੰ ਦੂਰ ਕਰਦਾ ਹੈ। ਇਹ ਉਸ ਦੇ ਬਲ ਨੂੰ ਨਵਾਂ ਕਰਦਾ ਹੈ। ਇਹ ਉਸ ਨੂੰ ਇੱਕ ਪੁਰਸ਼ ਵਜੋਂ ਸੰਪੂਰਨ ਮਹਿਸੂਸ ਕਰਾਉਂਦਾ ਹੈ।

ਇਸਤਰੀ ਨੂੰ ਮਾਨਸਿਕ ਤੌਰ ਤੇ ਤਿਆਰ ਹੋਣ ਵਿੱਚ ਸਮਾਂ ਲੱਗਦਾ ਹੈ। ਉਸ ਨੂੰ ਇਸ ਘੜੀ ਵਿੱਚੋਂ ਲੰਘਣ ਲਈ ਸੋਚ-ਵਿਚਾਰ ਕਰਨਾ ਪੈਂਦਾ ਹੈ। ਇਸਤਰੀ ਨੂੰ ਸੰਭੋਗ ਦੇ ਦੌਰਾਨ ਧਿਆਨ ਲਾਉਣ ਲਈ ਤਿਆਰੀ ਕਰਨੀ ਪੈਂਦੀ ਹੈ। ਉਸ ਨੂੰ ਆਪਣੇ ਮਨ ਅਤੇ ਵਿਚਾਰਾਂ ਨੂੰ ਨਿਯੰਤ੍ਰਣ ਵਿੱਚ ਰੱਖਣਾ ਪੈਂਦਾ ਹੈ, ਨਹੀਂ ਤਾਂ ਉਹ ਮਹਿਸੂਸ ਕਰੇਗੀ ਕਿ ਉਸ ਨੂੰ ਇਸਤੇਮਾਲ ਕੀਤਾ ਗਿਆ ਹੈ ਜਾਂ ਉਸ ਦੀ ਦੁਰਵਰਤੋਂ ਕੀਤੀ ਗਈ ਹੈ। ਉਹ ਆਪਣੇ ਪਤੀ ਤੋਂ ਦੂਰ ਹੋਣ ਲੱਗੇਗੀ ਅਤੇ ਸਮਝ ਨਹੀਂ ਪਾਏਗੀ ਕਿ ਉਹ ਅਜਿਹਾ ਕਿਉਂ ਕਰ ਰਹੀ ਹੈ।

ਪਤਨੀ ਪ੍ਰੇਮ ਪਾਉਣਾ ਚਾਹੁੰਦੀ ਹੈ ਪਰ ਉਹ ਜਾਣਦੀ ਹੈ ਕਿ ਜੇਕਰ ਉਸ ਨੇ ਆਪਣੇ ਪਤੀ ਨੂੰ ਪਿਆਰ ਨਾਲ ਛੂਹਿਆ ਤਾਂ ਉਹ ਸੰਭੋਗ ਕਰਨਾ ਚਾਹੇਗਾ।

ਰਾਤ ਵੇਲੇ ਇਸਤਰੀ ਬਿਸਤਰ ਵਿੱਚ ਅਕਸਰ ਗੱਲਬਾਤ ਕਰਨਾ ਜਾਂ ਸੌਣਾ ਪਸੰਦ ਕਰਦੀ ਹੈ।

**ਸੰਭੋਗ ਵੇਲੇ ਦੀ ਮੁੱਖ ਗੱਲ: ਰਵੱਈਆ**

ਸੰਭੋਗ ਵੇਲੇ ਦਾ ਮੇਰਾ ਰਵੱਈਆ ਉਸ ਦੀ ਜਿੰਮੇਵਾਰੀ ਨਹੀਂ ਹੈ, ਇਹ ਮੇਰੀ ਜਿੰਮੇਵਾਰੀ ਹੈ।

ਜੇਕਰ ਉਸ ਨੂੰ ਕੁਝ ਗੱਲਾਂ ਦੱਸੇ ਜਾਣ ਦੀ ਲੋੜ ਹੈ ਤਾਂ ਦੱਸੋ, ਕਿ ਕਿਹੜੀਆਂ ਗੱਲਾਂ ਤੁਹਾਨੂੰ ਖੁਸ਼ੀ ਦਿੰਦੀਆਂ ਹਨ ਅਤੇ ਕਿਹੜੀਆਂ ਨਹੀਂ। ਉਹ ਤੁਹਾਡੇ ਮਨ ਨੂੰ ਨਹੀਂ ਪੜ੍ਹ ਸਕਦਾ!

**1 ਪਤਰਸ 3:1-6**

3:1 ਇਸੇ ਪਰਕਾਰ ਹੇ ਪਤਨੀਓ, ਆਪਣਿਆਂ ਪਤੀਆਂ ਦੇ ਅਧੀਨ ਹੋਵੋ [ਆਪਣੇ ਆਪ ਨੂੰ ਦੂਜੇ ਨੰਬਰ ਦਾ ਮੰਨਦਿਆਂ ਅਧੀਨ ਹੋਣਾ ਅਤੇ ਉਨ੍ਹਾਂ ਉੱਤੇ ਨਿਰਭਰ ਹੋਣਾ, ਅਤੇ ਆਪਣੇ ਆਪ ਨੂੰ ਉਨ੍ਹਾਂ ਦੇ ਅਨੁਸਾਰ ਢਾਲਣਾ] ਭਈ ਜੇ ਕੋਈ [ਪਰਮੇਸ਼ਰ ਦਾ] ਬਚਨ ਨਾ ਵੀ ਮੰਨਦੇ ਹੋਣ ਤਾਂ ਓਹ ਬਚਨ ਤੋਂ ਬਿਨਾ ਆਪਣੀਆਂ ਪਤਨੀਆਂ ਦੀ [ਈਸ਼ਵਰੀ] ਚਾਲ ਢਾਲ ਦੇ ਕਾਰਨ ਖਿੱਚੇ ਜਾਣ।

2 ਜਿਸ ਵੇਲੇ ਓਹ ਤੁਹਾਡੀ ਪਵਿੱਤਰ ਚਾਲ ਢਾਲ ਨੂੰ ਜੋ ਅਦਬ ਦੇ ਨਾਲ ਹੋਵੇ ਵੇਖ ਲੈਣ। [ਤੁਹਾਡੇ ਪਤੀ ਦੇ ਲਈ ਤੁਹਾਨੂੰ ਉਹ ਸਭ ਮਹਿਸੂਸ ਕਰਨਾ ਹੈ ਜੋ ਅਦਬ ਦੇ ਵਿੱਚ ਸ਼ਾਮਲ ਹੈ: ਆਦਰ ਕਰਨਾ, ਸੁਣਨਾ, ਸਤਿਕਾਰ ਕਰਨਾ — ਮਾਣ ਕਰਨਾ, ਇੱਜ਼ਤ ਕਰਨਾ, ਸ਼ਲਾਘਾ ਕਰਨਾ, ਇਨਾਮ ਦੇਣਾ, ਅਤੇ ਮਨੁੱਖੀ ਭਾਵ ਨਾਲ, ਚਾਹੁਣਾ, ਪ੍ਰਸ਼ੰਸਾ ਕਰਨਾ, ਵਡਿਆਈ ਕਰਨਾ, ਅਧੀਨ ਰਹਿਣਾ, ਗੂੜ੍ਹਾ ਪ੍ਰੇਮ ਕਰਨਾ, ਅਤੇ ਆਪਣੇ ਪਤੀ ਦਾ ਅਨੰਦ ਮਾਨਣਾ]।

3 ਅਤੇ ਤੁਹਾਡਾ ਸਿੰਗਾਰ [ਵੰਨ-ਸੁਵੰਨੇ ਤਰੀਕੇ ਨਾਲ] ਸਿਰ ਗੁੰਦਣ ਅਤੇ ਸੋਨੇ ਦੇ ਗਹਿਣੇ ਪਾਉਣ ਅਥਵਾ ਬਸਤਰ ਪਹਿਨਣ ਦੇ ਨਾਲ [ਸਿਰਫ] ਬਾਹਰਲਾ ਨਾ ਹੋਵੇ।

4 ਪਰ ਉਹ ਮਨ ਦੀ ਗੁਪਤ ਇਨਸਾਨੀਅਤ ਹੋਵੇ ਜਿਹੜੀ ਓਸ ਅਵਨਾਸੀ ਸਿੰਗਾਰ ਨਾਲ ਹੈ ਅਰਥਾਤ ਕੋਮਲ ਅਤੇ ਗੰਭੀਰ ਆਤਮਾ ਨਾਲ ਕਿਉਂ ਜੋ ਇਹ [ਚਿੰਤਾ ਜਾਂ ਫਿਕਰ ਨਹੀਂ ਹੈ ਪਰ] ਪਰਮੇਸ਼ਰ ਦੇ ਲੇਖੇ ਵੱਡੇ ਮੁੱਲ ਦਾ ਹੈ।

5 ਕਿਉਂ ਜੋ ਇਸੇ ਤਰਾਂ ਅਗਲੇ ਸਮਿਆਂ ਵਿੱਚ ਪਵਿੱਤਰ ਇਸਤਰੀਆਂ ਜਿਹੜੀਆਂ ਪਰਮੇਸ਼ਰ ਉੱਤੇ ਆਸ ਰੱਖਦੀਆਂ ਸਨ ਆਪਣਿਆਂ ਪੁਰਸ਼ਾਂ ਦੇ ਅਧੀਨ ਹੋ ਕੇ ਆਪਣੇ ਆਪ ਨੂੰ ਸਿੰਗਾਰਦੀਆਂ ਸਨ। [ਆਪਣੇ ਆਪ ਨੂੰ ਉਨ੍ਹਾਂ ਦੇ ਅਨੁਸਾਰ ਢਾਲਦੀਆਂ ਸਨ ਅਤੇ ਉਨ੍ਹਾਂ ਉੱਤੇ ਨਿਰਭਰ ਹੁੰਦੀਆਂ ਸਨ]।

6 ਜਿਵੇਂ ਸਾਰਾਹ ਅਬਰਾਹਾਮ ਨੂੰ [ਉਸ ਦੀ ਅਗਵਾਈ ਹੇਠ ਚੱਲਦਿਆਂ ਅਤੇ ਆਪਣੇ ਉੱਤੇ ਉਸ ਨੂੰ ਸਿਰ ਮੰਨਦਿਆਂ] ਸੁਆਮੀ (ਮਾਲਕ, ਆਗੂ, ਅਧਿਕਾਰੀ) ਕਹਿ ਕੇ ਉਹ ਦੇ ਅਧੀਨ ਰਹੀ ਜਿਹ ਦੀਆਂ ਤੁਸੀਂ ਬੱਚੀਆਂ

ਹੋਈਆਂ ਜੇ ਸ਼ੁਭ ਕਰਮ ਕਰਦੀਆਂ ਅਤੇ ਕਿਸੇ ਪਰਕਾਰ ਦੇ ਡਹਿਲ ਨਾਲ ਨਾ ਡਰਦੀਆਂ ਹੋਵੋ। [ਬੇਕਾਬੂ ਡਰਾਂ ਨੂੰ ਥਾਂ ਨਾ ਦੇਣਾ ਜਾਂ ਚਿੰਤਾਵਾਂ ਨੂੰ ਤੁਹਾਡੇ ਉੱਤੇ ਹਾਵੀ ਨਾ ਹੋਣ ਦੇਣਾ]